Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 86 | Tuesday, May 03, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## 15,000 ਰੈਜ਼ੀਡੈਂਸ਼ੀਅਲ ਕੰਸਟ੍ਰਕਸ਼ਨ ਵਰਕਰ ਗਏ ਹੜਤਾਲ ਉੱਤੇ



ਟੋਰਾਂਟੋ, 2 ਮਈ (ਪੋਸਟ ਬਿਊਰੋ) : ਗ੍ਰੇਟਰ ਟੋਰਾਂਟੋ ਏਰੀਆ ਵਿੱਚ 15,000 ਕੰਸਟ੍ਰਕਸ਼ਨ ਵਰਕਰਜ਼ ਦੇ ਹੜਤਾਲ ਉੱਤੇ ਜਾਣ ਨਾਲ ਕਈ ਰੈਜ਼ੀਡੈਂਸ਼ੀਅਲ ਪ੍ਰੋਜੈਕਟਸ ਅਧਵਾਟੇ ਲਮਕ ਗਏ ਹਨ।

ਲਿਊਨਾ ਲੋਕਲ 183 ਨਾਲ ਜੁੜੀਆਂ ਕਈ ਇਕਾਈਆਂ ਵੱਲੋਂ ਕਾਂਟਰੈਕਟ ਪ੍ਰਪੋਜ਼ਲ ਰੱਦ ਕਰ ਦਿੱਤੇ ਗਏ ਹਨ ਤੇ ਅੱਜ ਤੋਂ ਹੜਤਾਲ ਕਰਨ ਦਾ ਫੈਸਲਾ ਕੀਤਾ ਗਿਆ ਹੈ।ਯੂਨੀਅਨ ਦਾ ਕਹਿਣਾ ਹੈ ਕਿ ਇਸ ਹੜਤਾਲ ਵਿੱਚ ਸ਼ਾਮਲ ਲੋਕਾਂ ਵਿੱਚ ਫਰੇਮਰਜ਼, ਟਾਈਲ ਲਾਉਣ ਵਾਲੇ, ਕਾਰਪੇਟ ਤੇ ਹਾਰਡਵੁੱਡ ਲਾਉਣ ਵਾਲੇ ਤੇ ਹੋਰ ਵਰਕਰ ਸ਼ਾਮਲ ਹਨ।

ਇਸ ਵੇਲੇ ਜੀਟੀਏ ਭਰ ਦੀਆਂ ਕਈ ਸਾਈਟਸ ਠੱਪ ਹੋ ਗਈਆਂ ਹਨ। ਲੋਅ ਰਾਈਜ਼ ਸਾਈਟਸ ਉੱਤੇ ਵੀ ਇਸ ਹੜਤਾਲ ਦਾ ਅਸਰ ਹੋਵੇਗਾ। ਲਿਊਨਾ ਲੋਕਲ 183 ਦੇ ਬੁਲਾਰੇ ਜੇਸਨ ਓਟੇ ਨੇ ਆਖਿਆ ਕਿ ਸਾਡੇ ਮੈਂਬਰ ਕੰਮ ਉੱਤੇ ਪਹਤਣਾ ਚਾਹੁੰਦੇ ਹਨ ਪਰ ਇਸ ਲਈ ਉਨ੍ਹਾਂ ਨੂੰ ਮੈਨੇਜਮੈਂਟ ਕੋਲੋਂ ਬਿਹਤਰ ਡੀਲ ਦੀ ਆਸ ਹੈ। ਪਰ ਜਿਹੜੀ ਪੇਸ਼ਕਸ਼ ਮੈਨੇਜਮੈਂਟ ਵੱਲੋਂ ਕੀਤੀ ਜਾ ਰਹੀ ਹੈ ਉਹ ਉਮੀਦ ਨਾਲੋਂ ਕਿਤੇ ਘੱਟ ਹੈ।

## ਓਨਟਾਰੀਓ ਵਿੱਚ ਜਹਾਜ਼ ਹਾਦਸਾਗ੍ਰਸਤ, 4 ਹਲਾਕ



ਓਨਟਾਰੀਓ, 2 ਮਈ (ਪੋਸਟ ਬਿਊਰੋ) : ਸੂ ਲੁੱਕਆਊਟ ਦੇ ਦੱਖਣਪੂਰਬ ਵਿੱਚ ਇੱਕ ਜਹਾਜ਼ ਦੇ ਹਾਦਸਾਗ੍ਰਸਤ ਹੋਣ ਕਾਰਨ ਚਾਰ ਲੋਕ ਮਾਰੇ ਗਏ। ਇਸ ਦੀ ਪੁਸ਼ਟੀ ਰਾਇਲ ਕੈਨੇਡੀਅਨ ਏਅਰ ਫੋਰਸ (ਆਰਸੀਏਐਫ) ਵੱਲੋਂ ਕੀਤੀ ਗਈ।

ਓਪੀਪੀ ਦੇ ਬੁਲਾਰੇ ਐਲੀਸਨ ਲਾਅਰੈਂਸ ਨੇ ਦੱਸਿਆ ਕਿ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦੀ ਸਪੈਸ਼ਲਾਈਜ਼ਡ ਯੂਨਿਟ ਨੂੰ ਇਸ ਮਾਮਲੇ ਦੀ ਜਾਂਚ ਤੇ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਲਈ ਭੇਜਿਆ ਗਿਆ। ਇਸ ਦੇ ਨਾਲ ਹੀ ਮਾਰੇ ਗਏ ਚਾਰ ਵਿਅਕਤੀਆਂ ਦੀ ਸ਼ਨਾਖ਼ਤ ਦੀ ਜ਼ਿੰਮੇਵਾਰੀ ਵੀ ਇਸੇ ਯੂਨਿਟ ਨੂੰ ਦਿੱਤੀ ਗਈ।ਲਾਰੈਂਸ ਨੇ ਐਤਵਾਰ ਦੁਪਹਿਰ ਨੂੰ ਦੱਸਿਆ ਕਿ ਉਹ ਸਿਰਫ ਚਾਰ ਵਿਅਕਤੀਆਂ ਵਿੱਚੋਂ ਦੋ ਵਿਅਕਤੀਆਂ ਦੀ ਪਛਾਣ ਕਰਨ ਵਿੱਚ ਹੀ ਕਾਮਯਾਬ ਹੋਏ ਹਨ। ਉਨ੍ਹਾਂ ਦੇ ਪਰਿਵਾਰਾਂ ਨੂੰ ਸੂਚਿਤ ਕਰਨ ਲਈ ਵੀ ਕੰਮ ਕੀਤਾ ਜਾ ਰਿਹਾ ਹੈ। ...ਬਾਕੀ ਪੰਨਾ 3 'ਤੇ

## ਸਟੇਲੈਂਟਿਸ ਪਲਾਂਟ ਵਿਚ ਫੈਡਰਲ ਤੇ ਓਨਟਾਰੀਓ ਸਰਕਾਰ ਨਿਵੇਸ਼ ਕਰੇਗੀ 1 ਬਿਲੀਅਨ ਡਾਲਰ



ਓਟਵਾ, 2 ਮਈ (ਪੋਸਟ ਬਿਊਰੋ) :ਕੈਨੇਡਾ ਤੇ ਓਨਟਾਰੀਓ ਵੱਲੋਂ ਇਲੈਕਟ੍ਰਿਕ ਵ੍ਹੀਕਲ ਬਣਾਉਣ ਲਈ ਕੈਨੇਡੀਅਨ ਆਟੋ ਪਲਾਂਟਸ ਵਿੱਚ ਨਵਾਂ ਸਾਜ਼ੋ ਸਮਾਨ ਲਾਉਣ ਵਾਸਤੇ ਸਟੇਲੈਂਟਿਸ ਦੀ ਮਦਦ ਲਈ ਸਾਂਝੇ ਤੌਰ ਉੱਤੇ ਇੱਕ ਬਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾ ਰਿਹਾ ਹੈ।

ਇੱਕ ਸਾਲ ਪਹਿਲਾਂ ਫਿਏਟ ਕ੍ਰਾਈਸਲਰ ਤੇ ਫਰਾਂਸ ਦੇ ਗਰੁੱਪ ਪੀਐਸਏ ਦੇ ਰਲੇਵੇਂ ਤੋਂ ਬਾਅਦ ਕਾਇਮ ਕੀਤੀ ਗਈ ਨਵੀਂ ਕੰਪਨੀ ਸਟੇਲੈਂਟਿਸ ਵੱਲੋਂ ਵੀ ਆਪਣੇ ਇਲੈਕਟ੍ਰੀਫਿਕੇਸ਼ਨ ਪ੍ਰੋਜੈਕਟਾਂ ਲਈ 2•6 ਬਿਲੀਅਨ ਡਾਲਰ ਦੀ ਰਕਮ ਹੋਰ ਨਿਵੇਸ਼ ਕੀਤੀ ਜਾਵੇਗੀ।ਵਿੰਡਸਰ ਤੇ ਬਰੈਂਪਟਨ ਸਥਿਤ ਸਟੇਲੈਂਟਿਸ ਦੇ ਪਲਾਂਟਸ ਵਿੱਚ ਬੈਟਰੀ ਇਲੈਕਟ੍ਰਿਕ ਤੇ ਹਾਈਬ੍ਰਿਡ ਵ੍ਹੀਕਲ ਤਿਆਰ ਕਰਨ ਲਈ ਫਲੈਕਸੀਬਲ ਅਸੈਂਬਲੀ ਲਾਈਨਾਂ ਤਿਆਰ ਕਰਨਾ ਵੀ ਇਸ ਪ੍ਰੋਜੈਕਟ ਦਾ ਹਿੱਸਾ ਹੈ। ਸਟੇਲੈਂਟਿਸ ਵੱਲੋਂ ਵਿੰਡਸਰ ਵਿੱਚ ਰਿਸਰਚ ਫੈਸਿਲਿਟੀ ਦਾ ਪਸਾਰ ਵੀ ਕੀਤਾ ਜਾ ਰਿਹਾ ਹੈ ਤਾਂ ਕਿ ਬੈਟਰੀ ਪੈਕ ਟੈਸਟਿੰਗ ਹੱਬ ਤੇ ਇਲੈਕਟ੍ਰਿਕ ਵ੍ਹੀਕਲ ਰਿਸਰਚ ਸੈਂਟਰ ਬਣਾਇਆ ਜਾ ਸਕੇ।

ਇਨੋਵੇਸ਼ਨ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਨੇ ਆਖਿਆ ਕਿ ਆਟੋ ਸੈਕਟਰ ਵਿੱਚ ਵੱਡੀ ਤਬਦੀਲੀ ਲਿਆਂਦੀ ਜਾ ਰਹੀ ਹੈ ਤੇ ਕੈਨੇਡਾ ਦੀ ਇੰਡਸਟਰੀ ਵੱਲੋਂ ਇਸ ਵੱਡੇ ਬਦਲਾਅ ਵਿੱਚ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਸ਼ੈਂਪੇਨ ਨੇ ਆਖਿਆ ਕਿ ਮੇਡ ਇਨ ਕੈਨੇਡਾ ਇਲੈਕਟ੍ਰਿਕ ਵਾਹਨਾਂ ਲਈ ਇਹ ਵੱਡਾ ਮੀਲ ਪੱਥਰ ਹੈ। ਕੈਨੇਡਾ ਇਸ ਲਈ 529 ਮਿਲੀਅਨ ਡਾਲਰ ਤੇ ਓਨਟਾਰੀਓ 513 ਮਿਲੀਅਨ ਡਾਲਰ ਦਾ ਨਿਵੇਸ਼ ਕਰੇਗਾ।

## ਟਰੂਡੋ ਨੇ ਕੀਤੀ ਰੂਸ ਦੇ ਵਿਦੇਸ਼ ਮੰਤਰੀ ਦੀਆਂ ਟਿੱਪਣੀਆਂ ਦੀ ਨਿਖੇਧੀ

ਓਟਵਾ, 2 ਮਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲੈਵਰੋਵ ਵੱਲੋਂ ਪਿੱਛੇ ਜਿਹੇ ਕੀਤੀਆਂ ਟਿੱਪਣੀਆਂ ਦੀ ਨਿਖੇਧੀ ਕੀਤੀ ਗਈ ਹੈ। ਲੈਵਰੋਵ ਨੇ ਆਖਿਆ ਸੀ ਕਿ ਦੇਸ਼ ਦਾ ਟੀਚਾ ਯੂਕਰੇਨ ਨੂੰ ਨਾਜ਼ੀ ਪ੍ਰਭਾਵ ਤੋਂ ਮੁਕਤ ਕਰਵਾਉਣਾ ਹੈ ਤੇ ਉਨ੍ਹਾਂ ਇਹ ਦਾਅਵਾ ਵੀ ਕੀਤਾ ਸੀ ਕਿ ਹਿਟਲਰ ਖੁਦ ਯਹੂਦੀ ਸੀ।

ਇੱਕ ਇੰਟਰਵਿਊ ਵਿੱਚ ਲੈਵਰੋਵ ਤੋਂ ਇਹ ਪੁੱਛਿਆ ਗਿਆ ਸੀ ਕਿ ਰੂਸ ਇਹ ਦਾਅਵਾ ਕਿਵੇਂ ਕਰ ਸਕਦਾ ਹੈ ਕਿ ਉਹ ਯੂਕਰੇਨ ਨੂੰ ਨਾਜ਼ੀ ਪ੍ਰਭਾਵ ਤੋਂ ਮੁਕਤ ਕਰਵਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਜਦੋਂ ਕਿ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਆਪ ਯਹੂਦੀ ਹਨ। ਇਸ ਲਈ ਜਦੋਂ ਉਹ ਆਖਦੇ ਹਨ ਕਿ ਜੇ ਅਸੀਂ ਯਹੂਦੀ ਹਾਂ ਤਾਂ ਨਾਜ਼ੀਵਾਦ ਦੀ ਕੀ ਹੋਂਦ ਰਹਿ ਜਾਂਦੀ ਹੈ, ਇਸ ਉੱਤੇ ਲੈਵਰੋਵ ਨੇ ਆਖਿਆ ਕਿ ਉਨ੍ਹਾਂ ਦੇ ਵਿਚਾਰ ਮੁਤਾਬਕ ਹਿਟਲਰ ਆਪ ਵੀ ਯਹੂਦੀ ਪਿਛੋਕੜ ਨਾਲ ਜੁੜਿਆ ਹੋਇਆ ਸੀ ਤੇ ਇਸੇ ਕਰਕੇ ਇਸ ਤਰ੍ਹਾਂ ਦੀਆਂ ਤੁਕਾਂ ਦਾ ਕੋਈ ਮਤਲਬ ਨਹੀਂ ਬਣਦਾ। ਜ਼ਿਕਰਯੋਗ ਹੈ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੱਲੋਂ ਯੂਕਰੇਨ ਉੱਤੇ ਚੜ੍ਹਾਈ ਨੂੰ ਨਾਜ਼ੀ ਖਿਲਾਫ ਕਾਰਵਾਈ ਵਜੋਂ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਪੁਤਿਨ ਦੂਜੀ ਵਿਸ਼ਵ ਜੰਗ ਵਿੱਚ ਜਰਮਨੀ ਨੂੰ ਹਰਾਉਣ ਲਈ ਰੂਸ ਦੇ ਇਤਿਹਾਸ ਨੂੰ ਯੂਕਰੇਨ ਖਿਲਾਫ ਵਰਤਦਿਆਂ ਹੋਇਆਂ ਘਰੇਲੂ ਪੱਧਰ ਉੱਤੇ ਸਮਰਥਨ ਜੁਟਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਲੈਵਰੋਵ ਦੀਆਂ ਅਜਿਹੀਆਂ ਟਿੱਪਣੀਆਂ ਦੀ ਨਿਖੇਧੀ ਕਰਦਿਆਂ ਹੋਇਆਂ ਟਰੂਡੋ ਨੇ ਓਨਟਾਰੀਓ ਵਿੱਚ ਇੱਕ ਪ੍ਰੈੱਸ ਕਾਨਫਰੰਸ ਵਿੱਚ ਆਖਿਆ ਕਿ ਇਹ ਸੱਭ ਗੱਲਾਂ ਊਟਪਟਾਂਗ ਹਨ ਤੇ ਇਸ ਤਰ੍ਹਾਂ ਦੀ ਸੋਚ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਟਰੂਡੋ ਨੇ ਆਖਿਆ ਕਿ ਕੈਨੇਡਾ ਸਮੇਤ ਸਹੀ ਸੋਚ ਰੱਖਣ ਵਾਲੇ ਦੇਸ਼ਾਂ , ਜਿਨ੍ਹਾਂ ਲੋਕਾਂ ਨੇ ਹੌਲੋਕਾਸਟ ਦੇ ਦਰਦ ਨੂੰ ਹੰਢਾਇਆ, ਹੇਟ ਕ੍ਰਾਈਮ ਵਿੱਚ ਹੋ ਰਹੇ ਵਾਧੇ-ਫਿਰ ਭਾਵੇਂ ਉਹ ਯਹੂਦੀਆਂ ਖਿਲਾਫ, ਮੁਸਲਮਾਨਾਂ ਖਿਲਾਫ ਜਾਂ ਬਲੈਕ ਖਿਲਾਫ ਕਿਉਂ ਨਾ ਹੋਵੇ, ਨੂੰ ਇਨ੍ਹਾਂ ਗੱਲਾਂ ਦੀ ਸਖ਼ਤ ਨਿਖੇਧੀ ਕਰਨੀ ਚਾਹੀਦੀ ਹੈ।

## ਟੋਰਾਂਟੋ ਪੀਅਰਸਨ ਉੱਤੇ ਟਰੈਵਲਰਜ਼ ਨੂੰ ਕਰਨਾ ਪੈ ਰਿਹਾ ਹੈ ਲੰਮਾਂ ਇੰਤਜ਼ਾਰ



ਟੋਰਾਂਟੋ, 2 ਮਈ (ਪੋਸਟ ਬਿਊਰੋ) : ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਤੋਂ ਬਾਹਰ ਜਾਣ ਵਾਲੇ ਟਰੈਵਲਰਜ਼ ਨੂੰ ਸਕਿਊਰਿਟੀ ਤੋਂ ਲੰਘਣ ਸਮੇਂ ਦੇਰ ਹੋਣ ਦੀ ਚੇਤਾਵਨੀ ਦਿੱਤੀ ਜਾ ਰਹੀ ਹੈ। ਟਰੈਵਲਰਜ਼ ਨੂੰ ਆਪਣੀਆਂ ਫਲਾਈਟਸ ਤੱਕ ਪਹੁੰਚਣ ਲਈ ਲਾਈਨਾਂ ਵਿੱਚ ਲੱਗ ਕੇ ਲੰਮਾਂ ਇੰਤਜ਼ਾਰ ਕਰਨਾ ਪੈ ਰਿਹਾ ਹੈ।

ਏਅਰਪੋਰਟ ਦੇ ਬੁਲਾਰੇ ਟੋਰੀ ਗੈੱਸ ਨੇ ਸੋਮਵਾਰ ਨੂੰ ਜਾਰੀ ਕੀਤੇ ਇੱਕ ਬਿਆਨ ਵਿੱਚ ਆਖਿਆ ਕਿ ਸਕਿਊਰਿਟੀ ਚੈੱਕਪੁਆਇੰਟਸ ਉੱਤੇ ਟੋਰਾਂਟੋ ਪੀਅਰਸਨ ਉੱਤੇ ਯਾਤਰੀਆਂ ਨੂੰ ਉਮੀਦ ਨਾਲੋਂ ਕਿਤੇ ਜਿਆਦਾ ਸਮਾਂ ਲੱਗ ਰਿਹਾ ਹੈ। ਉਨ੍ਹਾਂ ਆਖਿਆ ਕਿ ਅਸੀਂ ਪੈਸੈਂਜਰਜ਼ ਨੂੰ ਅਪੀਲ ਕਰਦੇ ਹਾਂ ਕਿ ਉਹ ਸਬਰ ਤੋਂ ਕੰਮ ਲੈਣ ਤੇ ਏਅਰਪੋਰਟ ਜਲਦੀ ਪਹੁੰਚਣ। ਇਸ ਦੇਰੀ ਦਾ ਕਾਰਨ ਪੁੱਛੇ ਜਾਣ ਉੱਤੇ ਕੈਨੇਡੀਅਨ ਏਅਰ ਟਰਾਂਸਪੋਰਟ ਸਕਿਊਰਿਟੀ ਅਥਾਰਟੀ ( ਸੀਏਟੀਐਸਏ) ਨੇ ਦੱਸਿਆ ਕਿ ਉਨ੍ਹਾਂ ਨੂੰ ਸਟਾਫ ਦੀ ਘਾਟ ਨਾਲ ਜੂਝਣਾ ਪੈ ਰਿਹਾ ਹੈ। ਏਜੰਸੀ ਨੇ ਆਖਿਆ ਕਿ ਉਹ ਭਵਿੱਖ ਵਿੱਚ ਇਸ ਤਰ੍ਹਾਂ ਦੀ ਦਿੱਕਤ ਤੋਂ ਬਚਣ ਲਈ ਵੱਧ ਸਟਾਫ ਭਰਤੀ ਕਰਨ ਤੇ ਏਅਰਲਾਈਨ ਪਾਰਟਨਰਜ਼ ਨਾਲ ਜਾਣਕਾਰੀ ਸਾਂਝੀ ਕਰਨੀ ਜਾਰੀ ਰੱਖਣਗੇ।

ਏਜੰਸੀ ਨੇ ਇਹ ਵੀ ਆਖਿਆ ਕਿ ਮਹਾਂਮਾਰੀ ਤੋਂ ਪਹਿਲਾਂ ਸਰਹੱਦੋਂ ਪਾਰਲੇ, ਘਰੇਲੂ ਤੇ ਕੌਮਾਂਤਰੀ ਚੈੱਕਪੁਆਇੰਟਸ ਦਰਮਿਆਨ ਸਰੋਤਾਂ ਦੀ ਵਰਤੋਂ ਬਿਹਤਰ ਢੰਗ ਨਾਲ ਹੁੰਦੀ ਸੀ।ਪਰ ਏਅਰ ਟਰੈਵਲ ਮੁੜ ਸ਼ੁਰੂ ਹੋਣ ਨਾਲ ਟਰੈਵਲਰਜ਼ ਦੀ ਆਵਾਜਾਈ ਲਗਾਤਾਰ ਵੱਧਦੀ ਜਾ ਰਹੀ ਹੈ, ਜਿਸ ਕਾਰਨ ਇੱਕ ਸਮੇਂ ਉੱਤੇ ਇੱਕ ਸਕਿਊਰਿਟੀ ਪੁਆਇੰਟ ਉੱਤੇ ਪੈਸੈਂਜਰਜ਼ ਦੀ ਭੀੜ ਪੈ ਰਹੀ ਹੈ। ਏਜੰਸੀ ਨੇ ਆਖਿਆ ਕਿ ਇਸ ਸਮੇਂ ਪੈਸੈਂਜਰਜ਼ ਨੇ ਵੀ ਕਈ ਕੈਰੀ ਬੈਗਜ਼ ਨਾਲ ਸਫਰ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਸ ਕਾਰਨ ਸਕਿਊਰਿਟੀ ਚੈੱਕ ਪੁਆਇੰਟਸ ਉੱਤੇ ਟਰੈਵਲਰਜ਼ ਨੂੰ ਪ੍ਰੋਸੈਸਿੰਗ ਵਿੱਚ ਲੰਮਾਂ ਸਮਾਂ ਲੱਗਦਾ ਹੈ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
- Excellent Cash Flow And Low Vacancy Rate
- Low Operating Costs
- Many Recent Upgrades To Rooms
- New Security Camera System
- Plan Approved For Additional Unit
RAJ HANDA
BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Brokerage Lic 12538
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER



chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਓਨਟਾਰੀਓ ਵਿੱਚ ਜਹਾਜ਼ ਹਾਦਸਾਗ੍ਰਸਤ, 4 ਹਲਾਕ

ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਜਦੋਂ ਤੱਕ ਚਾਰੇ ਵਿਅਕਤੀਆਂ ਦੀ ਪਛਾਣ ਨਹੀਂ ਹੋ ਜਾਂਦੀ ਉਦੋਂ ਤੱਕ ਪਛਾਣੇ ਗਏ ਦੋਵਾਂ ਵਿਅਕਤੀਆਂ ਦੇ ਨਾਂ ਵੀ ਜਾਰੀ ਨਹੀਂ ਕੀਤੇ ਜਾ ਸਕਦੇ।

ਇਹ ਵੀ ਪਤਾ ਲੱਗਿਆ ਹੈ ਕਿ ਇਹ ਜਹਾਜ਼ ਪਾਇਲਟ ਦਾ ਨਿਜੀ ਜਹਾਜ਼ ਸੀ। ਜੁਆਇੰਟ ਰੈਸਕਿਊ ਕੋਆਰਡੀਨੇਸ਼ਨ ਸੈਂਟਰ ਟ੍ਰੈਂਟਨ ਅਨੁਸਾਰ ਰੈਸਕਿਊ ਕ੍ਰਿਊ ਨੂੰ ਇਹ ਜਹਾਜ਼ ਸ਼ਨਿੱਚਰਵਾਰ ਸਵੇਰੇ ਮਿਲਿਆ। ਜਹਾਜ਼ ਉੱਤੇ ਚਾਰ ਵਿਅਕਤੀ ਹੀ ਸਵਾਰ ਸਨ ਤੇ ਸਾਰਿਆਂ ਦੀ ਹੀ ਮੌਤ ਹੋ ਗਈ। ਜਹਾਜ਼ ਦੇ ਮਿਥੇ ਸਮੇਂ ਉੱਤੇ ਨਾ ਪਹੁੰਚਣ ਉਪਰੰਤ ਜੇਆਰਸੀਸੀ ਟ੍ਰੈਂਟਨ ਨੇ ਸ਼ਨਿੱਚਰਵਾਰ ਨੂੰ ਜਹਾਜ਼ ਦੀ ਭਾਲ ਸ੍ਰੂ ਕੀਤੀ। ਇਹ ਜਹਾਜ਼ ਪਾਈਪਰ ਪੀਏ-28 ਚਿਰੋਕੀ ਸੀ, ਜਿਹੜਾ ਕਿ ਦੋ ਤੋਂ ਚਾਰ ਯਾਤਰੀਆਂ ਵਾਲਾ ਹਲਕਾ ਜਹਾਜ਼ ਹੈ। ਇਹ ਜਹਾਜ਼ ਓਨਟਾਰੀਓ ਦੇ ਡਰਾਇਡਨ ਤੇ ਮੈਰਾਥਨ ਟਾਊਨਜ਼ ਦਰਮਿਆਨ ਉਡਾਨ ਭਰ ਰਿਹਾ ਸੀ।

# ਵਰਕਰਾਂ ਨੇ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਆਪਣੇ ਮੁੱਦਿਆਂ ਨੂੰ ਪਹਿਲ ਦੇਣ ਦੀ ਕੀਤੀ ਮੰਗ

ਓਨਟਾਰੀਓ, 2 ਮਈ (ਪੋਸਟ ਬਿਊਰੋ) : ਕੁਈਨਜ਼ ਪਾਰਕ ਵਿੱਚ ਸੈਂਕੜੇ ਦੀ ਗਿਣਤੀ ਵਿੱਚ ਵਰਕਰਾਂ ਤੇ ਕਮਿਊਨਿਟੀ ਮੈਂਬਰਾਂ ਨੇ ਇੱਕਠੇ ਹੋ ਕੇ ਇਹ ਮੰਗ ਰੱਖੀ ਕਿ 2 ਜੂਨ ਨੂੰ ਹੋਣ ਜਾ ਰਹੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਉਨ੍ਹਾਂ ਦੇ ਮੁੱਦਿਆਂ ਨੂੰ ਪਹਿਲ ਦਿੱਤੀ ਜਾਵੇ।




ਓਨਟਾਰੀਓ ਫੈਡਰੇਸ਼ਨ ਆਫ ਲੇਬਰ ਦੇ ਪ੍ਰੈਜ਼ੀਡੈਂਟ ਪੈਟੀ ਕੋਟਸ, ਜਿਨ੍ਹਾਂ ਨੇ ਇਹ ਰੈਲੀ ਆਯੋਜਿਤ ਕਰਨ ਵਿੱਚ ਮਦਦ ਕੀਤੀ, ਨੇ ਆਖਿਆ ਕਿ ਪ੍ਰੋਵਿੰਸ਼ੀਅਲ ਚੋਣਾਂ ਦੇ ਮਾਹੌਲ ਵਿੱਚ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਵਰਕਰਜ਼ ਦੇ ਮੁੱਦਿਆਂ ਨੂੰ ਵੀ ਵਿਚਾਰ ਅਧੀਨ ਰੱਖਿਆ ਜਾਵੇ।

ਉਨ੍ਹਾਂ ਆਖਿਆ ਕਿ ਇਸ ਤੋਂ ਭਾਵ ਹੈ ਘੱਟ ਤੋਂ ਘੱਟ ਉਜਰਤਾਂ 20 ਡਾਲਰ ਪ੍ਰਤੀ ਘੰਟਾ ਕਰਨ, ਉਚਿਤ ਕੰਮ, ਕਿਫਾਇਤੀ ਹਾਊਸਿੰਗ, ਸਥਾਈ ਪੇਡ ਸਿੱਕ ਡੇਅਜ਼, ਚੰਗੀ ਤਰ੍ਹਾਂ ਫੰਡ ਪ੍ਰਾਪਤ ਪਬਲਿਕ ਸਰਵਿਸਿਜ਼, ਸਾਰਿਆਂ ਦੀ ਮਦਦ ਲਈ ਰਹਿਣਯੋਗ ਆਮਦਨ, ਕਲਾਈਮੇਟ ਜਸਟਿਸ, ਸਟੇਟਸ ਫਰ ਆਲ ਤੇ ਨਸਲਵਾਦ ਤੇ ਜ਼ੁਲਮ ਦਾ ਖਾਤਮਾ ਯਕੀਨੀ ਬਣਾਇਆ ਜਾਵੇ।

ਇਨ੍ਹਾਂ ਰੈਲੀਆਂ ਵਿੱਚ ਹਿੱਸਾ ਲੈਣ ਵਾਲਿਆਂ ਵਿੱਚ ਹੈਲਥ ਕੇਅਰ ਵਰਕਰਜ਼, ਚਾਈਲਡ ਕੇਅਰ ਦੀ ਪੈਰਵੀ ਕਰਨ ਵਾਲੇ, ਕਲਾਈਮੇਟ ਜਸਟਿਸ ਐਕਟੀਵਿਸਟਸ, ਜ਼ਖ਼ਮੀ ਤੇ ਬਿਮਾਰ ਵਰਕਰਜ਼, ਵਿਦਿਆਰਥੀ, ਗਿੱਗ ਵਰਕਰਜ਼ ਤੇ ਮਾਈਗ੍ਰੈਂਟ ਵਰਕਰਜ਼ ਸ਼ਾਮਲ ਸਨ।

# ਮਿਊਂਸਪਲ ਚੋਣਾਂ ਲਈ ਉਮੀਦਵਾਰ ਭਰ ਸਕਦੇ ਹਨ ਨਾਮਜ਼ਦਗੀਆਂ

ਟੋਰਾਂਟੋ, 2 ਮਈ (ਪੋਸਟ ਬਿਊਰੋ) : ਟੋਰਾਂਟੋ ਵਿੱਚ 24 ਅਕਤੂਬਰ ਨੂੰ ਹੋਣ ਜਾ ਰਹੀਆਂ ਮਿਊਂਸਪਲ ਚੋਣਾਂ ਲਈ ਉਮੀਦਵਾਰ ਅੱਜ ਤੋਂ ਆਪਣੇ ਨਾਮਜ਼ਦਗੀ ਕਾਗਜ਼ ਦਾਖਲ ਕਰ ਸਕਦੇ ਹਨ।



19 ਅਗਸਤ ਤੱਕ ਟੋਰਾਂਟੋ ਇਲੈਕਸ਼ਨਜ਼ ਵੱਲੋਂ ਮੇਅਰ, ਸਿਟੀ ਕਾਊਂਸਲ ਤੇ ਸਕੂਲ ਬੋਰਡ ਦੇ ਟਰੱਸਟੀਜ਼ ਲਈ ਨਾਮਜ਼ਦਗੀਆਂ ਸਵੀਕਾਰੀਆਂ ਜਾਣਗੀਆਂ। ਮੌਜੂਦਾ ਮੇਅਰ ਜੌਹਨ ਟੋਰੀ ਨੇ ਮਾਰਚ ਵਿੱਚ ਐਲਾਨ ਕੀਤਾ ਕਿ ਉਹ ਤੀਜੀ ਵਾਰ ਵੀ ਇਨ੍ਹਾਂ ਚੋਣਾਂ ਵਿੱਚ ਖੜ੍ਹੇ ਹੋਣਗੇ।

ਪਹਿਲੀ ਵਾਰੀ ਟੋਰੀ 2014 ਵਿੱਚ ਤੇ ਦੂਜੀ ਵਾਰੀ 2018 ਵਿੱਚ ਜਿੱਤੇ ਸਨ। ਟੋਰਾਂਟੋ ਵਾਸੀਆਂ ਵੱਲੋਂ 25 ਸਿਟੀ ਕਾਊਂਸਲਰਜ਼ ਨੂੰ ਚੁਣਿਆ ਜਾ ਸਕਦਾ ਹੈ ਜਾਂ ਮੁੜ ਚੁਣਿਆ ਜਾ ਸਕਦਾ ਹੈ। ਸੰਭਾਵੀ ਉਮੀਦਵਾਰਾਂ ਨੂੰ ਨਾਮਜ਼ਦਗੀ ਪੇਪਰ ਦਾਖਲ ਕਰਨਾ ਜ਼ਰੂਰੀ ਹੋਵੇਗਾ। ਜਦੋਂ ਤੱਕ ਨਾਮਜ਼ਦਗੀ ਪੇਪਰ ਦਾਖਲ ਨਹੀਂ ਕੀਤਾ ਜਾਂਦਾ ਉਦੋਂ ਤੱਕ ਉਹ ਸ਼ਖਸ ਨਾ ਹੀ ਇਸ ਕੈਂਪੇਨ ਲਈ ਕੋਈ ਪੈਸੇ ਇੱਕਠੇ ਕਰ ਸਕਦਾ ਹੈ ਤੇ ਨਾ ਹੀ ਕੋਈ ਪੈਸੇ ਖਰਚ ਕਰ ਸਕਦਾ ਹੈ।

# ਕਾਸਲ ਫਰੈਂਕ ਸਬਵੇਅ ਸਟੇਸ਼ਨ ਨੇੜੇ ਮਿਲੀ ਲਾਸ਼, ਜਾਂਚ ਜਾਰੀ

ਟੋਰਾਂਟੋ, 2 ਮਈ (ਪੋਸਟ ਬਿਊਰੋ) : ਕਾਸਲ ਫਰੈਂਕ ਸਬਵੇਅ ਸਟੇਸ਼ਨ ਨੇੜੇ ਸੋਮਵਾਰ ਦੁਪਹਿਰ ਨੂੰ ਇੱਕ ਵਿਅਕਤੀ ਦੀ ਲਾਸ਼ ਮਿਲੀ। ਟੋਰਾਂਟੋ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।




ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਉਸਾਰੀ ਅਧੀਨ ਸਾਈਟ ਨੇੜੇ ਲਾਸ਼ ਮਿਲਣ ਮਗਰੋਂ ਉਨ੍ਹਾਂ ਨੂੰ ਦੁਪਹਿਰੇ 4:45 ਉੱਤੇ ਕਿਸੇ ਦੀ ਮੈਡੀਕਲ ਕੰਪਲੇਂਟ ਸਬੰਧੀ ਕਾਲ ਹਾਸਲ ਹੋਈ। ਇਹ ਲਾਸ਼ ਕਾਸਲ ਫਰੈਂਕ ਰੋਡ ਤੇ ਡੇਲ ਐਵਨਿਊ ਦੇ ਲਾਂਘੇ ਉੱਤੇ ਮਿਲੀ। ਪੁਲਿਸ ਨੇ ਦੱਸਿਆ ਕਿ ਮੌਤ ਦਾ ਕਾਰਨ ਸ਼ੱਕੀ ਲੱਗ ਰਿਹਾ ਹੈ।

ਫੋਰੈਂਸਿਕ ਟੀਮ ਵੱਲੋਂ ਵੀ ਮੌਕੇ ਉੱਤੇ ਪਹੁੰਚ ਕੇ ਘਟਨਾ ਵਾਲੀ ਥਾਂ ਦੀ ਜਾਂਚ ਕੀਤੀ ਜਾ ਰਹੀ ਹੈ। ਅਜੇ ਤੱਕ ਮ੍ਰਿਤਕ ਦੇ ਲਿੰਗ ਜਾਂ ਉਮਰ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਤੇ ਨਾ ਹੀ ਕਿਸੇ ਮਸ਼ਕੂਕ ਸਬੰਧੀ ਜਾਣਕਾਰੀ ਜਾਰੀ ਕੀਤੀ ਗਈ ਹੈ।

# ਨਵਜੋਤ ਸਿੱਧੂ ਖਿਲਾਫ ਕਾਰਵਾਈ ਲਈ ਪੰਜਾਬ ਕਾਂਗਰਸ ਵੱਲੋਂ ਹਾਈ ਕਮਾਂਡ ਨੂੰ ਸਿਫਾਰਸ਼

ਚੰਡੀਗੜ੍ਹ, 2 ਮਈ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਨੇ ਆਪਣੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਖਿਲਾਫ ਕਾਰਵਾਈ ਲਈ ਹਾਈਕਮਾਨ ਨੂੰ ਕਿਹਾ ਹੈ।ਪਾਰਟੀ ਦੇ ਅਜੋਕੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਸਿਫਾਰਸ਼ ਉੱਤੇ ਪੰਜਾਬ ਦੇ ਇੰਚਾਰਜ ਹਰੀਸ਼ ਚੌਧਰੀ ਨੇ ਪਾਰਟੀ ਹਾਈਕਮਾਨ ਨੂੰ ਇਸ ਬਾਰੇਪੱਤਰ ਲਿਖਿਆ ਹੈ।



ਹਰੀਸ਼ ਚੌਧਰੀ ਵੱਲੋਂ ਕਾਂਗਰਸ ਹਾਈਕਮਾਨ ਨੂੰ ਲਿਖੀ ਚਿੱਠੀ ਵਿੱਚ ਨਵਜੋਤ ਸਿੰਘਸਿੱਧੂ ਉੱਤੇ ਪਿਛਲੇ ਨਵੰਬਰ ਤੋਂ ਪਾਰਟੀ ਵਿਰੋਧੀ ਸਰਗਰਮੀਆਂ ਕਰਨ ਦੇ ਦੋਸ਼ ਲਾਏ ਗਏ ਤੇ ਨਵਜੋਤ ਸਿੰਘਸਿੱਧੂ ਵੱਲੋਂ ਪ੍ਰਸ਼ਾਂਤ ਕਿਸ਼ੋਰ ਨਾਲ ਸਬੰਧਾਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਹ ਵੀ ਲਿਖਿਆ ਹੈ ਕਿ ਜਿਸ ਤਰ੍ਹਾਂ ਨਵਜੋਤ ਸਿੱਧੂਵੱਖਰਾ ਧੜਾ ਬਣਾ ਕੇ ਵੱਖਰੇ ਤੌਰ ਉੱਤੇ ਸਰਗਰਮੀਆਂ ਕਰ ਰਹੇ ਹਨ, ਜਿਸ ਨਾਲ ਕਾਂਗਰਸ ਪਾਰਟੀ ਨੂੰ ਨੁਕਸਾਨ ਹੋ ਰਿਹਾ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਅਨੁਸ਼ਾਸਨ ਤੋੜਨ ਕਾਰਨ ਪਾਰਟੀ ਨੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਉੱਤੇ ਕਾਰਵਾਈ ਕੀਤੀ ਹੈ। ਕਾਂਗਰਸ ਦੀ ਅਨੁਸ਼ਾਸਨੀ ਕਮੇਟੀ ਨੇ ਸੁਨੀਲ ਜਾਖੜ ਨੂੰ ਦੋ ਸਾਲ ਦੇ ਲਈ ਪਾਰਟੀਵਿੱਚੋਂ ਬਰਖਾਸਤ ਕਰਨ ਲਈ ਸਿਫਾਰਿਸ਼ ਕੀਤੀ ਸੀ, ਪਰ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਜਾਖੜ ਤੋਂ ਪਾਰਟੀ ਦੇ ਸਾਰੇ ਅਹੁਦੇ ਵਾਪਸ ਲਏ ਸਨ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਸਿਫਾਰਿਸ਼ ਉੱਤੇ ਪੰਜਾਬ ਦੇ ਇੰਚਾਰਜ ਹਰੀਸ਼ ਚੌਧਰੀ ਨੇ ਹਾਈਕਮਾਨ ਨੂੰ ਚਿੱਠੀ ਲਿਖ ਕੇ ਨਵਜੋਤ ਸਿੰਘਸਿੱਧੂਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ ਤਾਂ ਇਸ ਉੱਤੇ ਹਾਈਕਮਾਨ ਛੇਤੀ ਹੀ ਐਕਸ਼ਨ ਲੈ ਸਕਦੀ ਹੈ।

# ਪੰਜਾਬ ਸਰਕਾਰ ਦੇ ਵੱਡੇ ਫੈਸਲੇ: ਸਰਕਾਰੀ ਵਿਭਾਗਾਂ ਵਿਚ ਖਾਲੀ ਪਈਆਂ 26,454 ਪੋਸਟਾਂ ਲਈ ਭਰਤੀ ਨੂੰ ਪ੍ਰਵਾਨਗੀ

### * ਇੱਕ ਵਿਧਾਇਕ, ਇੱਕ ਪੈਨਸ਼ਨ ਦਾ ਫਾਰਮੂਲਾ ਪਾਸ * ਘਰ-ਘਰ ਰਾਸ਼ਣ ਸਪਲਾਈ ਦਿੱਤੀ ਜਾਵੇਗੀ

ਚੰਡੀਗੜ੍ਹ, 2 ਮਈ, (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਅੱਜ ਦੀ ਮੀਟਿੰਗ ਵਿੱਚ ਜਿਹੜੇ ਖਾਸ ਫੈਸਲੇ ਪ੍ਰਵਾਨ ਕੀਤੇ ਹਨ, ਉਨ੍ਹਾਂ ਵਿੱਚੋਂ ਇੱਕ ਫੈਸਲਾ ਇਹ ਹੈ ਕਿ ਨੌਜਵਾਨਾਂ ਨੂੰ ਰੁਜ਼ਗਾਰ ਦੇ ਲਾਹੇਵੰਦ ਮੌਕੇ ਦੇਣਲਈਵੱਖ-ਵੱਖ ਸਰਕਾਰੀ ਵਿਭਾਗਾਂਵਿੱਚ ਖਾਲੀ ਪਈਆਂ 26,454 ਪੋਸਟਾਂ ਉੱਤੇ ਭਰਤੀ ਦੀ ਪ੍ਰਵਾਨਗੀ ਦੇ ਦਿੱਤੀ ਹੈ।



ਇਸ ਸੰਬੰਧ ਵਿੱਚ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਜਿਨ੍ਹਾਂਪੋਸਟਾਂਦੀ ਪ੍ਰਵਾਨਗੀ ਦਿੱਤੀ ਗਈ ਹੈ, ਉਹ ਗਰੁੱਪ ਏ, ਬੀ ਅਤੇ ਸੀ ਵਾਲੀਆਂ ਹਨ। ਇਸ ਵਿੱਚ ਗ੍ਰਹਿ ਮਾਮਲੇ, ਸਕੂਲ ਸਿੱਖਿਆ, ਸਿਹਤ, ਬਿਜਲੀ ਤੇ ਤਕਨੀਕੀ ਸਿੱਖਿਆ ਵਿਭਾਗ ਸ਼ਾਮਿਲ ਹੋਣਗੇ।ਸਰਕਾਰ ਨੇ ਸਬੰਧਿਤ ਵਿਭਾਗਾਂ ਨੂੰ ਪਾਰਦਰਸ਼ੀ, ਨਿਰਪੱਖ ਤੇ ਸਮਾਂਬੱਧ ਭਰਤੀ ਯਕੀਨੀ ਬਣਾਉਣ ਨੂੰ ਕਿਹਾ ਅਤੇ ਫੈਸਲਾ ਕੀਤਾ ਹੈ ਕਿ ਗਰੁੱਪ-ਸੀ ਦੀਆਂ ਪੋਸਟਾਂਦੀ ਇੰਟਰਵਿਊ ਨਹੀਂ ਹੋਵੇਗੀ। ਇਹ ਫੈਸਲਾ ਰੁਜ਼ਗਾਰ ਦੇਣਦੇ ਟੀਚੇ ਪੂਰੇ ਕਰਨ ਵਿੱਚ ਸਹਾਈ ਹੋਵੇਗਾ। ਇਸ ਨਾਲ ਜਿੱਥੇ ਵੱਖ-ਵੱਖ ਵਿਭਾਗ ਲੋੜੀਂਦੀ ਮਨੁੱਖੀ ਸ਼ਕਤੀ ਨਾਲ ਕੰਮ ਸ਼ੁਰੂ ਕਰ ਸਕਣਗੇ, ਉਥੇ ਪੰਜਾਬ ਦੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਸਕਣਗੇ।

ਦੂਸਰੇ ਵੱਡੇ ਫੈਸਲੇਵਿੱਚਕੈਬਨਿਟ ਨੇ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਨੂੰ ਇੱਕੋ ਪੈਨਸ਼ਨ (ਭਾਵੇਂ ਜਿੰਨੀ ਵਾਰ ਵੀ ਵਿਧਾਇਕ ਰਹਿ ਚੁੱਕੇ ਹੋਣ) ਦੇਣ ਲਈ 'ਦਿ ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਸੁਵਿਧਾ ਰੈਗੂਲੇਸ਼ਨ) ਐਕਟ 1977' ਦੀ ਧਾਰਾ 3 (1) ਵਿੱਚ ਸੋਧ ਨੂੰ ਪ੍ਰਵਾਨ ਕਰ ਲਿਆ ਹੈ। ਇਸ ਨਾਲ ਪੰਜਾਬ ਦੇ ਵਿਧਾਇਕਾਂ ਨੂੰ ਮੌਜੂਦਾ ਪ੍ਰਬੰਧ ਅਨੁਸਾਰ ਪਹਿਲੀ ਟਰਮ ਲਈ 15000 ਰੁਪਏ ਪੈਨਸ਼ਨ ਪ੍ਰਤੀ ਮਹੀਨਾ (ਸਮੇਤ ਮਹਿੰਗਾਈ ਭੱਤਾ, ਜੋ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਉੱਤੇ ਲਾਗੂ ਹੈ) ਤੇ ਫਿਰ ਹਰ ਟਰਮ ਲਈ 10000 ਰੁਪਏ ਪੈਨਸ਼ਨ ਪ੍ਰਤੀ ਮਹੀਨਾ (ਸਣੇ ਮਹਿੰਗਾਈ ਭੱਤਾ, ਜੋ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਉੱਤੇ ਲਾਗੂ ਹੈ) ਦੀ ਥਾਂ ਇੱਕੋ ਪੈਨਸ਼ਨ (ਟਰਮਾਂ ਦੀ ਗਿਣਤੀ ਕੀਤੇ ਬਗੈਰ) ਨਵੀਂ ਦਰ ਅਨੁਸਾਰ 60,000 ਰੁਪਏ ਪ੍ਰਤੀ ਮਹੀਨਾ+ ਮਹਿੰਗਾਈ ਭੱਤਾ (ਜੋ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਉੱਤੇ ਲਾਗੂ ਹੈ) ਦਿੱਤੀ ਜਾਵੇਗੀ। ਇਸ ਸੋਧ ਨਾਲ ਪੰਜਾਬ ਸਰਕਾਰ ਨੂੰ ਸਾਲਾਨਾ ਲਗਭਗ 19.53 ਕਰੋੜ ਰੁਪਏ ਬੱਚਤ ਹੋਵੇਗੀ ਅਤੇ ਇਹ ਪੈਸੇ ਜਨਤਕ ਕੰਮਾਂ ਲਈ ਲਾਏ ਜਾ ਸਕਣਗੇ।

ਇਸ ਦੇ ਨਾਲ ਵਪਾਰਕ ਵਾਹਨ ਚਾਲਕਾਂ ਨੂੰ ਲੋੜੀਂਦੀ ਰਾਹਤ ਦੇਣ ਲਈ ਕੈਬਨਿਟ ਨੇ 6 ਮਈ ਤੋਂ 5 ਅਗਸਤ ਤੱਕ ਵਪਾਰਕ ਵਾਹਨਾਂ ਤੋਂ ਮੋਟਰ ਵਾਹਨ ਟੈਕਸ ਵਸੂਲਣ ਲਈ ਟਰਾਂਸਪੋਰਟ ਵਿਭਾਗ ਦੀ ਮੁਆਫੀ ਸਕੀਮ ਪ੍ਰਵਾਨ ਕਰ ਲਈ ਹੈ। ਵਿਭਾਗ ਫਿਟਨੈਸ ਸਰਟੀਫਿਕੇਟ ਦੇਣ ਸਮੇਂ ਵਿਆਜ ਅਤੇ ਲੇਟ ਫੀਸ ਨਹੀਂ ਲਵੇਗਾ।ਕੋਵਿਡ-19 ਦੇ ਲਾਕਡਾਊਨ ਨੇ ਟਰਾਂਸਪੋਰਟ ਸੈਕਟਰ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਕਈ ਵਪਾਰਕ ਵਾਹਨ ਚਾਲਕ ਸਮੇਂ ਸਿਰ ਮੋਟਰ ਵ੍ਹੀਕਲ ਟੈਕਸ ਜਮ੍ਹਾ ਨਹੀਂ ਸੀ ਕਰਵਾ ਸਕੇ, ਜਿਸ ਕਾਰਨ ਇਨ੍ਹਾਂ ਨੂੰ ਫਿਟਨੈਸ ਸਰਟੀਫਿਕੇਟ ਨਹੀਂ ਮਿਲਿਆ, ਕਿਉਂਕਿ ਫਿਟਨੈਸ ਸਰਟੀਫਿਕੇਟ ਸਿਰਫ ਉਨ੍ਹਾਂ ਵਾਹਨਾਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਦਾ ਮੋਟਰ ਵ੍ਹੀਕਲ ਟੈਕਸ ਸਮੇਂ ਸਿਰ ਜਮ੍ਹਾ ਕਰਵਾਇਆ ਜਾਂਦਾ ਹੈ।

ਇੱਕ ਹੋਰ ਫੈਸਲੇ ਵਿੱਚ ਪੰਜਾਬ ਦੇ ਗਰੀਬ ਲੋਕਾਂ ਨੂੰ ਮਿਲਦਾ ਸਸਤਾ ਰਾਸ਼ਣ ਘਰੋ-ਘਰੀ ਸਪਲਾਈ ਕਰਨ ਵਾਲੀ ਸਕੀਮ ਵੀ ਮਨਜ਼ੂਰ ਕਰ ਲਈ ਗਈ ਹੈ। ਇਸ ਦੇ ਨਾਲ ਹੀ ਨਰਮੇ ਦੇ ਨੁਕਸਾਨ ਬਦਲੇ ਸੰਬੰਧਤ ਖੇਤਰ ਦੇ ਕਿਸਾਨਾਂ ਅਤੇ ਮਜ਼ਦੂਰਾਂ ਲਈ 41 ਕਰੋੜ ਰੁਪਏ ਤੋਂ ਵੱਧ ਦੀ ਰਕਮ ਵੀ ਪਾਸ ਕਰ ਦਿੱਤੀ ਗਈ ਹੈ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com


SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification

Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

## ਅੱਜ ਨਾਮਾ

ਚਸਕਾ ਜਿਸ ਨੂੰ ਸਿਆਸਤ ਦਾ ਲੱਗ ਜਾਂਦਾ,
ਥੱਈਆ-ਥੱਈਆ ਕਰ ਨਾਚ ਨਚਾਏ ਬੇਲੀ।
ਪਿਛਲੇ ਦੌਰ ਵਿੱਚ ਬੰਦੇ ਕਈ ਬਹੁਤ ਚੰਗੇ,
ਇਸੇ ਸਿਆਸਤ ਸੀ ਮੂਰਖ ਬਣਾਏ ਬੇਲੀ।
ਇਹੋ ਸਿਆਸਤ ਅੱਜ ਪੀ ਕੇ ਨੂੰ ਚੜ੍ਹੀ ਜਾਪੇ,
ਸੁਫਨਾ ਉਹਨੂੰ ਵੀ ਕੁਰਸੀ ਦਾ ਆਏ ਬੇਲੀ।
ਸੋਚਦਾ ਲੀਡਰ ਕਈ ਅਸਾਂ ਜਿਤਾਏ ਬੇਲੀ,
ਕਿਉਂ ਨਾ ਆਪ ਹੀ ਜਿੱਤਿਆ ਜਾਏ ਬੇਲੀ।
ਸੁਫਨੇ ਵਿੱਚ ਜਾਂ ਤਖਤ ਹੈ ਨਜ਼ਰ ਆਉਂਦਾ,
ਉਸ ਦੀ ਖਹਿੜਾ ਨਹੀਂ ਛੱਡਦੀ ਖਿੱਚ ਬੇਲੀ।
ਬਹਿ ਜਾਏ ਤਖਤ ਉੱਤੇ ਸੁਫਨੇ ਵਿੱਚ ਚੂਹਾ,
ਫਿਰ ਉਹ ਬਿੱਲੀ ਨੂੰ ਸਮਝਦਾ ਟਿੱਚ ਬੇਲੀ।

**ਤੀਸ ਮਾਰ ਖਾਂ**

# ਪੰਜਾਬ ਸਰਕਾਰ ਨੇ 14 ਏਕੜ ਹੋਰ ਜ਼ਮੀਨ ਉੱਤੇ ਕਬਜ਼ਾ ਛੁਡਾਇਆ

*** ਪਿੰਡ ਹੁਲਕਾ ਪੂਰਾ ਦਿਨ ਪੁਲਿਸ ਛਾਉਣੀ ਵਿੱਚ ਬਦਲਿਆ ਰਿਹਾ**

ਬਨੂੜ, 2 ਮਈ, (ਪੋਸਟ ਬਿਊਰੋ)- ਪੰਚਾਇਤੀ ਜ਼ਮੀਨਾਂ ਤੋਂ ਨਜਾਇਜ਼ ਕੀਤੇ ਕਬਜ਼ੇ ਹਟਾਉਣ ਲਈ ਪੰਜਾਬ ਦੇ ਪੰਚ-ਾਇਤ ਵਿਭਾਗ ਦੀ ਮੁਹਿੰਮ ਹੇਠ ਅੱਜ ਪਿੰਡ ਹੁਲਕਾ ਦੀ 14 ਏਕੜ ਜ਼ਮੀਨ ਦਾ ਨਜਾਇਜ਼ ਕਬਜ਼ਾ ਛੁਡਾਇਆ ਗਿਆ ਹੈ। ਪਿਛਲੇ ਸੱਤ ਦਹਾਕਿਆਂ ਤੋਂ ਇਸ ਪੰਚਾਇਤੀ ਜ਼ਮੀਨ ਉੱਤੇ ਖੇਤੀ ਕਰ ਰਹੇ 16 ਕਿਸਾਨ ਪਰਿਵਾਰਾਂ ਨੇ ਪੰਚਾਇਤ ਵਿਭਾਗ ਉੱਤੇ ਧੱਕੇਸ਼ਾਹੀ ਦਾ ਦੋਸ਼ ਲਾਇਆ ਤੇ ਕੁਝ ਲੋਕਾਂ ਨੇ ਵਿਰੋਧ ਵੀ ਕੀਤਾ। ਪੁਲਿਸ ਨੇ ਵਿਰੋਧ ਕਰਦੇ ਇੱਕ ਕਿਸਾਨ ਨੂੰ ਹਿਰਾਸਤ ਵਿੱਚ ਲਿਆ ਅਤੇ ਪੰਚਾਇਤ ਵਿਭਾਗ ਕਬਜ਼ਾ ਛੁਡਾਉਣ ਵਿੱਚ ਸਫ਼ਲ ਹੋ ਗਿਆ।

ਪਿੰਡ ਹੁਲਕਾ ਅੱਜ ਸਾਰਾ ਦਿਨ ਪੁਲਿਸ ਛਾਉਣੀ ਬਣਿਆ ਰਿਹਾ ਤੇ ਵੱਡੀ ਗਿਣਤੀ ਵਿੱਚ ਪੁਲਿਸ ਫੋਰਸ ਕਬਜ਼ੇ ਦੀ ਕਾਰਵਾਈ ਨੇਪਰੇ ਚਾੜ੍ਹਨ ਤੱਕ ਓਥੇ ਰਹੀ। ਪਟਿਆਲਾ ਦੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਸੁਖਚੈਨ ਸਿੰਘ ਦੀ ਨਿਗਰਾਨੀ ਹੇਠ ਕਬਜ਼ਾ ਛੁਡਾਉਣ ਦਾ ਕੰਮ ਪੂਰਾ ਹੋਇਆ। ਇਸ ਮੌਕੇ ਬਨੂੜ ਦੇ ਨਾਇਬ ਤਹਿਸੀਲਦਾਰ ਗੁਰਪ੍ਰੀਤ ਸਿੰਘ ਢਿੱਲੋਂ ਡਿਊਟੀ ਮੈਜਿਸਟਰੇਟ ਵਜੋਂ ਨਾਲ ਰਹੇ। ਰਾਜਪੁਰਾ ਦੀ ਬੀਡੀਪੀਓ ਅਮਨਦੀਪ ਕੌਰ ਅਤੇ ਪੰਚਾਇਤੀ ਅਮਲਾ ਤੇ ਮਾਲ ਵਿਭਾਗ ਦੇ ਪਟਵਾਰੀ ਤੇ ਕਾਨੂੰਗੋ ਓਥੇ ਸਨ। ਡੀਡੀਪੀਓ ਨੇ ਦੱਸਿਆ ਕਿ ਪਿੰਡ ਦੀ 30 ਏਕੜ ਜ਼ਮੀਨ ਲੰਮੇਂ ਸਮੇਂ ਤੋਂ



ਨਜਾਇਜ਼ ਕਬਜ਼ੇ ਹੇਠ ਸੀ। ਉਨ੍ਹਾਂ ਦੱਸਿਆ ਕਿ 2009 ਵਿੱਚ ਡੀਡੀਪੀਓ ਪਟਿਆਲਾ ਦੀ ਅਦਾਲਤ ਤੋਂ ਜ਼ਮੀਨ ਦਾ ਕੇਸ ਪੰਚਾਇਤ ਦੇ ਹੱਕ ਵਿੱਚ ਹੋ ਗਿਆ, ਪਰ ਕਬਜ਼ਾ ਨਹੀਂ ਛੁਡਾਇਆ ਗਿਆ। ਉਨ੍ਹਾਂ ਕਿਹਾ ਕਿ ਬਾਕੀ 16 ਏਕੜ ਜ਼ਮੀਨ ਦਾ ਕਬਜ਼ਾ ਅਗਲੇ ਕੁਝ ਦਿਨਾਂ ਵਿੱਚ ਲਿਆ ਜਾਵੇਗਾ ਤੇ ਇਸ ਬਾਰੇ ਛੇਤੀ ਹੀ ਕਬਜ਼ਾ ਵਾਰੰਟ ਜਾਰੀ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਕਬਜ਼ੇ ਹੇਠੋਂ ਛੁਡਾਈ ਗਈ ਇਸ ਜ਼ਮੀਨ ਲਈ ਛੇਤੀ ਹੀ ਬੋਲੀ ਕੀਤੀ ਜਾਵੇਗੀ।

ਇਸ ਮੌਕੇ ਜ਼ਮੀਨ ਵਾਹੁਣ ਵਾਲੇ ਕਿਸਾਨਾਂ ਖਜ਼ਾਨ ਸਿੰਘ, ਮੰਗਲ ਸਿੰਘ, ਹਰਦੀਪ ਸਿੰਘ, ਗੁਰਮੇਲ ਸਿੰਘ, ਬਲਦੇਵ ਸਿੰਘ, ਦਿਲਬਰ ਸਿੰਘ, ਰਾਜਿੰਦਰ ਸਿੰਘ, ਅਵਤਾਰ ਸਿੰਘ, ਰੁਲਦਾ ਸਿੰਘ, ਤਾਰਾ ਸਿੰਘ ਨੇ ਦੱਸਿਆ ਕਿ ਉਹ ਇਸ ਜ਼ਮੀਨ ਵਿੱਚ 1952 ਵਿੱਚ ਹੋਈ ਮੁਰੱਬੇਬੰਦੀ ਵੇਲੇ ਤੋਂ ਖੇਤੀ ਕਰਦੇ ਆਏ ਹਨ। ਉਨ੍ਹਾਂ ਕਿਹਾ ਕਿ ਗਿਰਦਾਵਰੀ ਉਨ੍ਹਾਂ ਦੇ ਨਾਮ ਹੈ ਅਤੇ 7 ਨਵੰਬਰ 1975 ਨੂੰ ਰਾਜਪੁਰਾ ਦੇ ਸਹਾਇਕ ਕੁਲੈਕਟਰ ਦੀ ਅਦਾਲਤ ਨੇ ਫੈਸਲਾ ਉਨ੍ਹਾਂ ਦੇ ਹੱਕ ਵਿੱਚਦਿੱਤਾ ਸੀ ਅਤੇ ਡੀਡੀਪੀਓ ਦੇ ਫੈਸਲੇ ਵਿਰੁੱਧ ਮੁਹਾਲੀ ਦੇ ਕੁਲੈਕਟਰ ਦੀ ਅਦਾਲਤ ਵਿੱਚ ਕੇਸ ਚੱਲਦਾ ਹੈ, ਜਿਸਦਾ ਹਾਲੇਕੋਈ ਫੈਸਲਾ ਨਹੀਂ ਹੋਇਆ ਤੇ ਪੰਚਾਇਤ ਵਿਭਾਗ ਨੇ ਫੈਸਲੇ ਦੀ ਉਡੀਕ ਕੀਤੇ ਬਿਨਾਂ ਕਾਰਵਾਈ ਕੀਤੀ ਹੈ। ਪੰਜਾਬ ਦੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਸ਼ਾਮ ਬਨੂੜ ਵਿਖੇ ਪ੍ਰੈਸ ਕਾਨਫ਼ਰੰਸ ਕੀਤੀ ਅਤੇ ਪੰਚ-ਾਇਤ ਵਿਭਾਗ ਦੇ ਅਧਿਕਾਰੀਆਂ ਨੂੰ ਸ਼ਾਬਾਸ਼ ਦੇਂਦਿਆਂ ਕਿਹਾ ਕਿ ਪੂਰੇ ਪੰਜਾਬ ਵਿੱਚ ਵਿਭਾਗ ਦੇ ਅਧਿਕਾਰੀ ਨਜਾਇਜ਼ ਕਬਜ਼ੇ ਹੇਠਲੀਆਂ ਸ਼ਾਮਲਾਤ ਜ਼ਮੀਨਾਂ ਛੁਡਾਉਣ ਲਈ ਲੋੜੀਂਦਾ ਅਮਲ ਕਰਨ ਲੱਗੇ ਹੋਏ ਹਨ।

# ਭਾਰਤ ਦੀ ਸੁਪਰੀਮ ਕੋਰਟ ਦਾ ਫੈਸਲਾ: ਕੋਰੋਨਾ ਵੈਕਸੀਨ ਲਈ ਕਿਸੇ ਨੂੰ ਮਜਬੂਰ ਨਹੀਂ ਕੀਤਾ ਜਾ ਸਕਦਾ



ਨਵੀਂ ਦਿੱਲੀ, 2 ਮਈ, (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਦੀ ਕੋਰੋਨਾ ਵੈਕਸੀਨ ਨੀਤੀ ਨੂੰ ਕਾਇਮ ਰੱਖਿਆ ਹੈ, ਪਰ ਨਾਲ ਇਹ ਵੀ ਕਿਹਾ ਕਿ ਕਿਸੇ ਵਿਅਕਤੀ ਨੂੰ ਵੈਕਸੀਨ ਲੈਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਕੋਰਟ ਨੇ ਇਹ ਗੱਲ ਵੈਕਸੀਨ ਦੇ ਅੰਕੜਿਆਂ ਅਤੇ ਵੈਕਸੀਨ ਲਾਜ਼ਮੀ ਕਰਨ ਦੀ ਮੰਗ ਦੀ ਪਟੀਸ਼ਨਦਾ ਫੈਸਲਾ ਸੁਣਾਉਂਦੇ ਹੋਏ ਕਹੀ ਅਤੇ ਸਰਕਾਰ ਨੂੰ ਕਲੀਨਿਕਲ ਟਰਾਇਲ ਦੇ ਅੰਕੜੇ ਜਾਰੀ ਕਰਨ ਲਈ ਕਿਹਾ ਹੈ।

ਸੁਪਰੀਮ ਕੋਰਟ ਨੇ ਇਸ ਗੱਲ ਦੀ ਨਾਰਾਜ਼ਗੀ ਜਤਾਈ ਕਿ ਕੁਝ ਰਾਜ ਸਰਕਾਰਾਂ ਟੀਕਾਕਰਨ ਨਾ ਕਰਵਾਉਣ ਵਾਲੇ ਲੋਕਾਂ ਨੂੰ ਜਨਤਕ ਥਾਵਾਂ ਉੱਤੇਐਂਟਰੀ ਨਹੀਂ ਦੇ ਰਹੀਆਂ। ਅਦਾਲਤ ਨੇ ਇਸ ਨੂੰ ਬੇਇਨਸਾਫ਼ੀ ਕਰਾਰ ਦਿੱਤਾ ਤੇ ਰਾਜਾਂ ਨੂੰ ਅਜਿਹੀਆਂ ਪਾਬੰਦੀਆਂ ਹਟਾਉਣ ਦਾ ਸੁਝਾਅ ਦਿੱਤਾ। ਅਦਾਲਤ ਨੇ ਇਹ ਵੀ ਕਿਹਾ ਕਿ ਸਰਕਾਰ ਨੀਤੀ ਬਣਾ ਸਕਦੀ ਹੈ ਤੇ ਜਨਤਾ ਦੇ ਭਲੇ ਲਈ ਕੁਝ ਸ਼ਰਤਾਂ ਰੱਖ ਸਕਦੀ ਹੈ। ਕੋਰਟ ਦੇ ਅਨੁਸਾਰ ਮੌਜੂਦਾ ਵੈਕਸੀਨ ਨੀਤੀ ਨੂੰ ਅਣਉਚਿਤ ਅਤੇ ਸਪੱਸ਼ਟ ਤੌਰ ਉੱਤੇ ਮਨਮਾਨੀ ਨਹੀਂ ਕਿਹਾ ਜਾ ਸਕਦਾ।

# ਰੂਸ ਨੇ ਦੋ ਟੁੱਕ ਕਿਹਾ: ਜਦੋਂ ਤਕ ਯੂਕਰੇਨ ਹਾਰ ਨਹੀਂ ਮੰਨਦਾ, ਹਮਲੇ ਜਾਰੀ ਰਹਿਣਗੇ

*** ਰੂਸ ਤੋਂ ਆਉਂਦੀ ਗੈਸ ਸਪਲਾਈ ਲਈ ਯੂਰਪ ਵਿੱਚ ਮੰਗ ਵਧੀ**

ਮਾਸਕੋ, 2 ਮਈ, (ਪੋਸਟ ਬਿਊਰੋ)- ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਅੱਜ ਸਾਫ ਕਿਹਾ ਹੈ ਕਿਰੂਸੀ ਫ਼ੌਜ ਯੂਕਰੇਨਵਿੱਚ ਵਿਸ਼ੇਸ਼ ਮੁਹਿੰਮਾਂ ਦੌਰਾਨ ਆਪਣੇ ਆਪਰੇਸ਼ਨ ਵਿੱਚ ਬਦਲਾਅ ਨਹੀਂ ਕਰੇਗੀ। ਇਸ ਬਾਰੇ ਰੂਸ ਦੇ ਵਿਦੇਸ਼ ਮੰਤਰੀ ਦਾ ਇਹ ਬਿਆਨ ਓਦੋਂ ਆਇਆ ਹੈ, ਜਦੋਂ ਕਈ ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਰੂਸ 9 ਮਈ ਨੂੰ ਜਿੱਤ ਦਿਵਸ ਦੇ ਮੌਕੇ ਇਸ ਜੰਗ ਨੂੰ ਖ਼ਤਮ ਕਰਨਾ ਚਾਹੁੰਦਾ ਹੈ।

ਸਰਗੇਈ ਲਾਵਰੋਵ ਨੇ ਕਿਹਾ ਕਿ ਯੂਕਰੇਨ ਵਿੱਚ ਕਾਰਵਾਈਆਂ ਦੀ ਚਾਲ ਸਭ ਤੋਂ ਪਹਿਲਾਂ ਨਾਗਰਿਕ ਆਬਾਦੀ ਤੇ ਰੂਸੀ ਫੌਜੀਆਂ ਨੂੰ ਖਤਰੇ ਘੱਟ ਤੋਂ ਘੱਟ ਕਰਨ ਦੀ ਲੋੜ ਉੱਤੇ ਨਿਰਭਰ ਹੈ। ਉਨ੍ਹਾ ਨੇ ਇਟਾਲਵੀ ਮੀਡੀਆਸੈੱਟ ਨੂੰ ਕਿਹਾ ਕਿ ਰੂਸ ਯੂਕਰੇਨ ਵਿੱਚ ਆਪਣੇ ਮੁੱਖ ਉਦੇਸ਼ਾਂ ਉੱਤੇ ਸੇਧਤ ਹੈ, ਜਿਨ੍ਹਾਂ ਦਾ ਐਲਾਨ ਰੂਸੀ ਰਾਸ਼ਟਰਪਤੀ ਪੁਤਿਨ ਨੇ ਕੀਤਾ ਸੀ, ਜਿਸ ਵਿੱਚਆਮ ਲੋਕਾਂ ਦੀ ਸੁਰੱਖਿਆ ਜ਼ਰੂਰੀ ਹੈ। ਉਸਨੇ ਕਿਹਾ ਕਿ



ਯੂਕਰੇਨ ਵਿੱਚ ਮਾਰੂ ਹਥਿਆਰਾਂ ਤੇ ਨਾਜ਼ੀਵਾਦ ਨਾਲ ਸਬੰਧਤ ਹਰ ਖਤਰੇ ਨੂੰ ਨਾਕਾਮ ਕਰਨ ਦੇ ਯਤਨ ਜਾਰੀ ਰਹਿਣ-ਗੇ। ਲਾਵਰੋਵ ਨੇ ਕਿਹਾ, ਸਾਡੇ ਟੀਚੇ ਵਿੱਚ ਯੂਕਰੇਨ ਵਿੱਚ ਸੱਤਾ ਤਬਦੀਲੀ ਸ਼ਾਮਲ ਨਹੀਂ। ਇਹ ਪੁੱਛਣ ਉੱਤੇ ਕਿ ਕੀ ਰੂਸਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਦਾ ਸਮੱਰਪਣ ਚਾਹੁੰਦਾ ਹੈ, ਲਾਵਰੋਵ ਨੇ ਕਿਹਾ ਕਿ ਅਸੀਂ ਸਮੱਰਪਣ ਦੀ ਮੰਗ ਨਹੀਂ ਕੀਤੀ, ਪਰ ਰੂਸ ਚਾਹੁੰਦਾ ਹੈ ਕਿ ਜ਼ੇਲੈਂਸਕੀ ਸਾਰੇ ਆਮ ਲੋਕਾਂ ਨੂੰ ਰਿਹਾਅ ਕਰੇ ਅਤੇ ਵਿਰੋਧ ਬੰਦ ਕਰਨ ਦਾ ਆਦੇਸ਼ ਦੇਵੇ। ਲਾਵਰੋਵ ਨੇ ਕਿਹਾ ਕਿ ਰੂਸ ਪੂਰਬੀ ਯੂਕਰੇਨ ਦੇ ਸਾਰੇ ਲੋਕਾਂ ਦੀ ਸੁਰੱਖਿਆ ਯਕੀਨੀ ਚਾਹੁੰਦਾ ਹੈ ਤਾਂ ਜੋ ਇਸ ਦੇਸ਼ ਦੇ ਫੌਜੀਕਰਨ ਜਾਂ ਨਾਜ਼ੀਵਾਦ ਤੋਂ ਖ਼ਤਰਾ ਨਾ ਹੋਵੇ।

ਦੂਸਰੇ ਪਾਸੇ ਸਥਿਤੀ ਇਹ ਹੈ ਕਿ ਫਰਵਰੀ ਦੇ ਅੰਤ ਤੋਂ ਰੂਸ ਤੇ ਯੂਕਰੇਨ ਵਿਚਾਲੇ ਜੰਗ ਚੱਲ ਰਹੀ ਹੈ, ਪਰ ਇਸ ਦੌਰਾਨ ਯੂਰਪ ਵੱਲੋਂਰੂਸੀ ਗੈਸ ਦੀ ਸਪਲਾਈ ਵਧਾਉਣ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਹ ਸਪਲਾਈ ਸਿਰਫ਼ ਯੂਕਰੇਨ ਰਾਹੀਂ ਕੀਤੀ ਜਾਂਦੀ ਹੈ ਅਤੇ ਇਹ ਨਵੰਬਰ ਦੇ ਅੰਤ ਤੋਂ ਬਾਅਦ ਸਭ ਤੋਂ ਵੱਧ ਰਿਕਾਰਡ ਕੀਤੀ ਗਈ ਹੈ। ਇਹ ਜਾਣਕਾਰੀ ਯੂਕਰੇਨ ਦੇ ਗੈਸ ਪਾਈਪਲਾਈਨ ਆਪਰੇਟਰ ਵੱਲੋਂ ਜਾਰੀ ਕੀਤੇ ਡਾਟਾ ਤੋਂ ਮਿਲੀ ਹੈ। ਇਸ ਮੁਤਾ-ਬਕ ਐਤਵਾਰ ਨੂੰ ਮੰਗ 97.3 ਮਿਲੀਅਨ ਕਿਊਬਿਕ ਮੀਟਰ ਸੀ, ਸੋਮਵਾਰ ਨੂੰ ਵਧ ਕੇ 98.8 ਮਿਲੀਅਨ ਕਿਊਬਿਕ ਮੀਟਰ ਹੋ ਗਈ। ਹੰਗਰੀ ਤੇ ਸਲੋਵਾਕੀਆ ਨੂੰ ਯੂਰਪੀ ਕਮਿਸ਼ਨ ਨੇ ਰੂਸੀ ਤੇਲ ਖਰੀਦਣ ਉੱਤੇ ਲਾਈ ਪਾਬੰਦੀ ਤੋਂ ਛੋਟ ਦੇਦਿੱਤੀ ਹੈ।

# ਕੁਮਾਰ ਵਿਸ਼ਵਾਸ ਨੂੰ ਸਟੇਅ ਮਿਲਿਆ, ਅਲਕਾ ਲਾਂਬਾ ਹਾਈ ਕੋਰਟ ਜਾ ਪਹੁੰਚੀ

ਰੋਪੜ, 2 ਮਈ, (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲਦੇ ਖਿਲਾਫ ਟਿੱਪਣੀ ਕਰਨ ਬਾਰੇ ਕਵੀ ਕੁਮਾਰ ਵਿਸ਼ਵਾਸ ਦੇ ਖਿਲਾਫ ਦਾਇਰ ਕੇਸਵਿੱਚ ਨਾਮਜ਼ਦ ਦਿੱਲੀ ਕਾਂਗਰਸ ਦੀ ਆਗੂ ਅਲਕਾ ਲਾਂਬਾ ਵੀ ਪੰਜਾਬ ਤੇ ਹਰਿਆਣਾ ਦੀ ਅਦਾਲਤਵਿੱਚ ਪਹੁੰਚ ਗਈ ਹੈ।ਇਸ ਕੇਸ ਦੀ ਸੁਣਵਾਈ 5 ਮਈ ਨੂੰ ਹੋਵੇਗੀ। ਅਲਕਾ ਲਾਂਬਾ ਨੇ ਦੱਸਿਆ ਕਿ ਉਹ 5 ਮਈ ਨੂੰ ਚੰਡੀਗੜ੍ਹ ਪਹੁੰਚ ਰਹੀ ਹੈ।

ਵਰਨਣ ਯੋਗ ਹੈ ਕਿ 12 ਅਪਰੈਲ ਨੂੰ ਰੂਪਨਗਰ ਦੀ ਪੁਲਿਸ ਨੇ ਕਵੀ ਕੁਮਾਰ ਵਿਸ਼ਵਾਸ ਦੇ ਖਿਲਾਫ ਸਦਰ ਥਾਣੇਵਿੱਚਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾ ਸੀ। ਜਾਂਚ ਦੌਰਾਨ ਪੁਲਿਸ ਨੇ ਇਸ ਕੇਸਵਿੱਚ ਇੱਕ ਕਾਂਗਰਸੀ ਆਗੂ ਨੂੰ ਵੀ ਸ਼ਾਮਲ ਕੀਤਾ ਸੀ ਤੇ ਦੋਵਾਂ ਨੂੰ 26 ਅਪਰੈਲ ਨੂੰ ਥਾਣਾ ਸਦਰ ਰੂਪਨਗਰ ਵਿਖੇ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਸਾਹਮਣੇ ਪੇਸ਼



ਹੋਣ ਲਈ ਸੰਮਨ ਭੇਜੇ ਸਨ। ਪੰਜਾਬ ਪੁਲਿਸ ਨੇ ਗਾਜ਼ੀਆਬਾਦ ਵਿੱਚ ਕੁਮਾਰ ਵਿਸ਼ਵਾਸ ਅਤੇ ਦਿੱਲੀ ਵਿੱਚ ਅਲਕਾ ਲਾਂਬਾ ਦੇ ਘਰਾਂ ਉੱਤੇ ਨੋਟਿਸ ਲਾ ਕੇ ਉਨ੍ਹਾਂ ਨੂੰ ਪਹਿਲਾਂ 26 ਅਪਰੈਲ ਨੂੰ ਰੂਪਨਗਰ ਪੁਲੀਸ ਕੋਲ ਪੇਸ਼ ਹੋਣ ਲਈ ਕਿਹਾ, ਪਰ ਬਾਅਦਵਿੱਚ ਤਰੀਕ ਬਦਲ ਕੇ 27 ਅਪਰੈਲ ਕਰ ਦਿੱਤੀ ਸੀ। ਉਸ ਦਿਨ ਅਲਕਾ ਲਾਂਬਾ ਰੂਪਨਗਰ ਪੁਲਿਸ ਕੋਲ ਪੇਸ਼ ਹੋਣ ਲਈ ਸਮੇਂ ਸਿਰ ਪਹੁੰਚ ਗਈ, ਪਰ ਕੁਮਾਰ ਵਿਸ਼ਵਾਸ ਨਹੀਂ ਗਿਆ, ਉਸ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਆਪਣੇ ਖਿਲਾਫ ਕੇਸ ਰੱਦ ਕਰਨ ਦੀ ਮੰਗ ਕੀਤੀ ਸੀ। ਅਦਾਲਤ ਨੇ ਕੁਮਾਰ ਵਿਸ਼ਵਾਸ ਨੂੰ ਅੱਜ ਸੋਮਵਾਰ ਨੂੰ ਸਟੇਅ ਦੇ ਦਿੱਤਾ ਹੈ। ਇਸ ਪਿੱਛੋਂ ਅਲਕਾ ਲਾਂਬਾ ਨੇ ਪਟੀਸ਼ਨ ਦਾਇਰ ਕਰ ਕੇਰਾਹਤ ਦੀ ਮੰਗ ਕੀਤੀ ਹੈ। ਰੂਪਨਗਰ ਪੁਲਿਸ ਨੂੰ ਦਿੱਤੀ ਸ਼ਿਕਾਇਤਵਿੱਚਆਮ ਆਦਮੀ ਪਾਰਟੀ ਦੇ ਇੱਕ ਨੇਤਾ ਨੇ ਦੋਸ਼ ਲਾਇਆ ਸੀ ਕਿ ਕੁਮਾਰ ਵਿਸ਼ਵਾਸ ਤੇ ਕਾਂਗਰਸ ਨੇਤਾ ਅਲਕਾ ਲਾਂਬਾ ਨੇ ਅਰਵਿੰਦ ਕੇਜਰੀਵਾਲ ਨੂੰ ਖ਼ਾਲਿਸਤਾਨੀ ਅੱਤਵਾਦੀ ਕਿਹਾ ਸੀ, ਜਿਸ ਨਾਲ ਉਨ੍ਹਾਂ ਦਾ ਅਕਸ ਖਰਾਬ ਹੋਇਆ ਅਤੇ ਪਾਰਟੀ ਵਰਕਰਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।

# ਗੁਰਮੀਤ ਰਾਮ ਰਹੀਮ ਦੀ ਹਿਰਾਸਤ ਵਿੱਚ ਪੁੱਛਗਿੱਛ ਕਰਨ ਦੀ ਮੰਗ ਹਾਈ ਕੋਰਟ ਵੱਲੋਂ ਰੱਦ

*** ਕੋਰਟ ਨੇ ਕਿਹਾ: ਵੀਡੀਓ ਰਾਹੀਂ ਪੁੱਛਗਿੱਛ ਕਰ ਲਈ ਜਾਵੇ**

ਚੰਡੀਗੜ੍ਹ, 2 ਮਈ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ ਹੋਏਬੇਅਦਬੀ ਕੇਸਵਿੱਚ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀ ਅਰਜ਼ੀ ਉੱਤੇ ਪੰਜਾਬ ਹਰਿਆਣਾ ਹਾਈਕੋਰਟ ਨੇ ਐੱਸਆਈਟੀ ਨੂੰ ਇਸ ਕੇਸਵਿੱਚਡੇਰਾ ਮੁਖੀ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਪੁੱਛਗਿੱਛ ਕਰਨ ਦੇ ਹੁਕਮ ਦਿੱਤੇ ਹਨ।

ਪੰਜਾਬ ਹਰਿਆਣਾ ਹਾਈ ਕੋਰਟ ਨੇ ਡੇਰਾ ਮੁਖੀਗੁਰਮੀਤ ਰਾਮ ਰਹੀਮ ਦੇ ਵਿਰੁੱਧ ਦੋਵਾਂ ਸ਼ਿਕਾਇਤਾਂਵਿੱਚ ਡੇਰਾ ਮੁਖੀ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਦੀ ਮੰਗ ਰੱਦ ਕਰ ਦਿੱਤੀ ਹੈ। ਜਸਟਿਸ ਅਰਵਿੰਦ ਸਾਂਗਵਾਨ ਨੇ ਅੱਜ ਇਸ ਕੇਸ ਬਾਰੇ ਗੁਰਮੀਤ ਰਾਮ ਰਹੀਮ



ਸਿੰਘ ਦੀ ਅਰਜ਼ੀ ਉੱਤੇ ਸੁਣਵਾਈ ਦੌਰਾਨ ਇਹ ਹੁਕਮ ਦਿੱਤਾ ਤੇ ਸੁਣਵਾਈ 31 ਅਕਤੂਬਰ ਤੱਕ ਮੁਲਤਵੀ ਕਰ ਦਿੱਤੀ ਹੈ। ਗੁਰਮੀਤ ਰਾਮ ਰਹੀਮ ਸਿੰਘ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਅਰਜ਼ੀ ਪੇਸ਼ ਕਰ ਕੇ ਕਿਹਾ ਸੀ ਕਿ ਬਾਜਾਖਾਨਾ ਥਾਣੇ ਵਿੱਚ ਉਸ ਦੇ ਖਿਲਾਫ ਦਰਜ ਸ਼ਿਕਾਇਤ ਨੰਬਰ 63 ਵਿੱਚ ਉਸ ਨੂੰ ਪਹਿਲਾਂ ਹੀ ਹਾਈ ਕੋਰਟ ਵੱਲੋਂ ਸਰੀਰਕ ਹਾਜ਼ਰੀ ਤੋਂ ਛੋਟ ਦਿੱਤੀ ਗਈ ਸੀ। ਉਸ ਨੇ ਅਰਜ਼ੀ ਵਿੱਚ ਕਿਹਾ ਹੈ ਕਿ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਨੇ ਉਨ੍ਹਾਂ ਤੋਂ ਦੋ ਸ਼ਿਕਾਇਤਾਂ ਦੀ ਪੁੱਛਗਿੱਛ ਕਰਨੀ ਹੈਅਤੇ ਤਿੰਨੇ ਸ਼ਿਕਾਇਤਾਂ ਇੱਕੋ ਥਾਣੇ ਵਿੱਚ ਦਰਜ ਹਨ, ਜਿਨ੍ਹਾਂ ਦੀ ਸੁਣਵਾਈ ਅਦਾਲਤ ਵਿੱਚ ਚੱਲ ਰਹੀ ਹੈ।ਇਸ ਹਾਲਤਵਿੱਚ ਪੰਜਾਬ ਹਰਿਆਣਾ ਹਾਈਕੋਰਟ ਵੱਲੋਂ ਪਹਿਲਾਂ ਦਰਜ ਕੇਸਵਿੱਚਦਿੱਤੇ ਹੁਕਮਾਂ ਨੂੰ ਇਨ੍ਹਾਂ ਦੋ ਕੇਸਾਂ ਉੱਤੇ ਵੀ ਲਾਗੂ ਕਰਨਾ ਚਾਹੀਦਾ ਹੈ।

ਪਿਛਲੀ ਸੁਣਵਾਈ ਉੱਤੇ ਪੰਜਾਬ ਸਰਕਾਰ ਨੇ ਕਿਹਾ ਸੀ ਕਿ ਡੇਰਾ ਮੁਖੀ ਤੋਂ ਹਿਰਾਸਤਵਿੱਚਲੈ ਕੇ ਪੁੱਛਗਿੱਛ ਦੀ ਲੋੜ ਹੈ ਤਾਂ ਜੋ ਸਪਲੀਮੈਂਟਰੀ ਚਲਾਨ ਪੇਸ਼ ਕੀਤਾ ਜਾ ਸਕੇ। ਸਰਕਾਰ ਡੇਰਾ ਮੁਖੀ ਨੂੰ ਪੁੱਛਗਿੱਛ ਲਈ ਲਿਆਉਣ ਲਈ ਸੁਰੱਖਿਆ ਦੇ ਪੱਕੇ ਪ੍ਰਬੰਧ ਕਰਨ ਲਈ ਤਿਆਰ ਹੈ। ਹਾਈਕੋਰਟ ਨੇ ਅੱਜ ਸੋਮਵਾਰ ਨੂੰ ਸਰਕਾਰ ਦੀ ਇਹ ਮੰਗ ਰੱਦ ਕਰ ਦਿੱਤੀ ਅਤੇ ਇਸ ਮਾਮਲੇਵਿੱਚ ਗੁਰਮੀਤ ਰਾਮ ਰਹੀਮ ਸਿੰਘ ਤੋਂ ਵੀਡੀਓ ਰਾਹੀਂ ਪੁੱਛਗਿੱਛ ਦਾ ਹੁਕਮ ਦਿੱਤਾ ਹੈ।

# ਸ਼ਾਹਬਾਜ਼ ਸ਼ਰੀਫ ਦੇ ਦੌਰੇ ਦੀ ਖ਼ਰਾਬ ਕਵਰੇਜ ਲਈ ਪਾਕਿਸਤਾਨ ਟੀ ਵੀ ਦੇ 17 ਅਫਸਰ ਸਸਪੈਂਡ

ਇਸਲਾਮਾਬਾਦ, 2 ਮਈ (ਪੋਸਟ ਬਿਊਰੋ)- ਪਾਕਿਸਤਾਨ ਦੇ ਸਰਕਾਰੀ ਚੈਨਲ ਪੀ ਟੀ ਵੀ ਨੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੀ ਲਾਹੌਰ ਫੇਰੀ ਨੂੰ ਠੀਕ ਕਵਰ ਨਾ ਕਰਨ ਕਰ ਕੇ 17 ਅਧਿਕਾਰੀਆਂ ਨੂੰ ਸਸਪੈਂਡ ਕਰ ਦਿੱਤਾ ਹੈ।

ਨਵੇਂ ਚੁਣੇ ਗਏ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫਨੇ ਲਖਪਤ ਜੇਲ੍ਹ ਅਤੇ ਰਮਜ਼ਾਨ ਬਾਜ਼ਾਰ ਦਾ ਦੌਰਾ ਕੀਤਾ ਸੀ। ਇੱਕ ਰਿਪੋਰਟ ਮੁਤਾਬਕ ਪਾਕਿਸਤਾਨ ਟੈਲੀਵਿਜ਼ਨ (ਪੀ ਟੀ ਵੀ) ਦੀ ਟੀਮ ਫ਼ਾਈਲ ਟ੍ਰਾਂਸਫ਼ਰ ਪ੍ਰੋਟੋਕੋਲ (ਐਫ਼ ਟੀ ਪੀ) ਰਾਹੀਂ ਵੀਡੀਓ ਫ਼ੁਟੇਜ ਅਪਲੋਡ ਕਰਨ ਲਈ ਲੋੜੀਂਦੇ ਲੈਪਟਾਪ ਨਾ ਹੋਣ ਕਾਰਨ ਯੋਗ ਕਵਰੇਜ ਨਹੀਂ ਕਰ ਸਕੀ। ਇਸ ਦੇ ਸੰਬੰਧ ਵਿੱਚ ਸਟੈਂਡਰਡਸ ਓਪਰੇਟਿੰਗ ਪ੍ਰਕਿਰਿਆ ਅਨੁਸਾਰ ਪੱਤਰਕਾਰਾਂ ਅਤੇ ਨਿਰਮਾਤਾਵਾਂ ਦੀ ਇੱਕ ਵੀ ਵੀ ਆਈ ਪੀ ਟੀਮ ਪ੍ਰਧਾਨ ਮੰਤਰੀ ਦੀ ਕਵਰੇਜ ਲਈ ਜ਼ਿੰਮੇਵਾਰ ਹੈ। ਰਿਪੋਰਟਾਂ ਅਨੁਸਾਰ ਟੀਮ ਕੋਲ ਲਾਈਵ ਸਟ੍ਰੀਮਿੰਗ ਅਤੇ ਕਿਸੇ ਵੀ ਘਟਨਾ ਦੀ ਫ਼ੁਟੇਜ ਨੂੰ ਸਮੇਂ ਸਿਰ ਅਪਲੋਡ ਕਰਨ ਲਈ ਲੈਪਟਾਪ ਮੌਜੂਦ ਹੈ। ਇਹ ਟੀਮ ਇਸਲਾਮਾ-ਬਾਦ ਵਿੱਚ ਤਾਇਨਾਤ ਹੈ ਅਤੇ ਦੇਸ਼ ਤੇ ਵਿਦੇਸ਼ ਵਿੱਚ ਪ੍ਰਧਾਨ ਮੰਤਰੀ ਨਾਲ ਜਾਂਦੀ ਹੈ। ਜਦੋਂ ਪੀ ਟੀ ਵੀ ਦੇ ਲਾਹੌਰ ਕੇਂਦਰ ਨੂੰ ਦੌਰੇ ਬਾਰੇ ਸੂਚਿਤ ਕੀਤਾ ਗਿਆ ਤਾਂ ਇਸ ਨੇ ਪੀ ਟੀ ਵੀ ਹੈਡਕੁਆਰਟਰ ਨੂੰ ਇੱਕ ਅਪਗਰੇਡ ਲੈਪਟਾਪ ਦੇਣ ਲਈ ਕਿਹਾ। ਇਸ ਤੋਂ ਪਹਿਲਾਂ 18 ਅਪ੍ਰੈਲ ਨੂੰ ਵੀ ਇਹ ਬੇਨਤੀ ਕੀਤੀ ਸੀ, ਪਰ ਉਨ੍ਹਾ ਨੇ ਇਸ ਵੱਲ ਧਿਆਨ ਨਹੀਂ ਦਿੱਤਾ।ਅਜਿਹੀ ਸਥਿਤੀ ਵਿੱਚ ਲਾਹੌਰ ਕੇਂਦਰ ਨੇ ਇੱਕ ਅਧਿਕਾਰੀ ਦੇ ਨਿੱਜੀ ਲੈਪਟਾਪ ਦਾ ਪ੍ਰਬੰਧ ਕੀਤਾ। ਕਵਰੇਜ ਪਿੱਛੋਂ ਜਦੋਂ ਟੀਮ ਨੇ ਫ਼ੁਟੇਜ ਪ੍ਰਸਾਰਿਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪਤਾ ਲੱਗਾ ਕਿ ਲੈਪਟਾਪ ਦੀ ਬੈਟਰੀ ਖ਼ਤਮ ਹੋ ਚੁੱਕੀ ਹੈ। ਅਗਲੇ ਦਿਨ ਪੀ ਟੀ ਵੀ ਪ੍ਰਸ਼ਾਸਨ ਨੇ ਵੀ ਵੀ ਆਈ ਪੀ ਕਵਰੇਜ ਦੇ ਡਿਪਟੀ ਕੰਟਰੋਲਰ ਇਮਰਾਨ ਬਸ਼ੀਰ ਖ਼ਾਨ ਸਮੇਤ 17 ਜਣਿਆਂ ਨੂੰ ਸਸਪੈਂਡ ਕਰ ਦਿੱਤਾ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK) Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਖ਼ੂਨ ਪੀਣ ਵਾਲੇ ਕੀੜਿਆਂ ਦੇ ਦੰਦ ਮੈਟਲ ਦੇ!

ਲੰਡਨ, 2 ਮਈ (ਪੋਸਟ ਬਿਊਰੋ)- ਖ਼ੂਨ ਪੀਣ ਵਾਲੇ ਕੀੜੇ ਯਾਨੀ ਬਲੱਡਵਰਮ ਨੂੰ ਬ੍ਰਿਸਲ ਵਰਮਸ ਵੀ ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਦੇਖਣ ਤੋਂ ਭਾਵੇਂ ਇਹ ਲੱਗੇ ਕਿ ਇਹ ਨੁਕਸਾਨ ਨਹੀਂ ਕਰਨਗੇ, ਪਰ ਇਹ ਧੋਖਾ ਹੈ।



ਬਲੱਡਵਰਮ ਕਾਰਨੀਵੋਰਸ ਯਾਨੀ ਮਾਸਾਹਾਰੀ ਹੁੰਦੇ ਹਨ, ਜੋ ਸਮੁੰਦਰ ਕੰਢੇ ਚਿੱਕੜ ਵਿੱਚ ਡੂੰਘਾਈ ਵਿੱਚ ਹੁੰਦੇ ਹਨ। ਆਪਣੇ ਜਿਨ੍ਹਾਂ ਡਰਾਉਣੇ ਜਬਾੜਿਆਂ ਨਾਲ ਇਹ ਸ਼ਿਕਾਰ ਫੜਦੇ ਹਨ, ਉਹ ਅੰਸ਼ਿਕ ਰੂਪ ਵਿੱਚ ਤਾਂਬੇ ਦੇ ਬਣੇ ਹੁੰਦੇ ਹਨ ਤੇ ਉਨ੍ਹਾਂ ਵਿੱਚ ਜ਼ਹਿਰ ਹੁੰਦਾ ਹੈ, ਜਿਸ ਤੋਂ ਲਕਵਾ ਹੋ ਸਕਦਾ ਹੈ। ਕੈਲੀਫੋਰਨੀਆ ਯੂਨੀਵਰਸਿਟੀ ਦੇ ਬਾਇਓਕੈਮਿਸਟ ਹਰਬਰਟ ਵ੍ਹਾਈਟ ਦਾ ਕਹਿਣਾ ਹੈ ਕਿ ਇਨ੍ਹਾਂ ਕੀੜਿਆਂ ਦਾ ਸੁਭਾਅ ਖਰਾਬ ਹੁੰਦਾ ਹੈ ਤੇ ਇਹ ਆਸਾਨੀ ਨਾਲ ਉਤੇਜਿਤ ਹੋ ਜਾਂਦੇ ਹਨ। ਜਦ ਉਨ੍ਹਾਂ ਦਾ ਸਾਹਮਣਾ ਕਿਸੇ ਦੂਸਰੇ ਕੀੜੇ ਨਾਲ ਹੁੰਦਾ ਹੈ ਤਾਂ ਉਹ ਆਪਣੇ ਤਾਂਬੇ ਦੇ ਜਬਾੜੇ ਨੂੰ ਹਥਿਆਰ ਵਾਂਗ ਵਰਤ ਕੇ ਲੜਦੇ ਹਨ। ਇੱਕ ਨਵੀਂ ਖੋਜ ਵਿੱਚ ਖੋਜਕਾਰਾਂ ਨੇ ਜਾਂਚ ਕੀਤੀ ਕਿ ਕਿਵੇਂ ਖ਼ੂਨ ਪੀਣ ਵਾਲੇ ਕੀੜੇ ਦੀ ਨਸਲ ਗਲਾਈਸੇਰਾ ਡਿਬ੍ਰਾਂਚਿਆਟਾ ਆਪਣੇ ਜਬਾੜੇ ਲਈ ਤਾਂਬਾ ਇਕੱਠੀ ਕਰਦੀ ਹੈ। ਇਸ ਨਸਲ ਦੇ ਖ਼ੂਨ ਪੀਣੇ ਕੀੜੇ ਦੇ ਜਬਾੜੇ ਦਾ ਕਰੀਬ 10 ਫੀਸਦੀ ਹਿੱਸਾ ਤਾਂਬੇ ਦਾ ਹੁੰਦਾ ਹੈ, ਬਾਕੀ ਹਿੱਸੇ ਵਿੱਚ ਪ੍ਰੋਟੀਨ ਤੇ ਮੈਲੇਨਿਨ ਹੁੰਦਾ ਹੈ। ਪਹਿਲਾਂ ਵੀ ਦੱਸਿਆ ਗਿਆ ਹੈ ਕਿ ਖ਼ੂਨ ਦੇ ਕੀੜੇ ਦੇ ਜਬਾੜੇ ਵਿੱਚ ਤਾਂਬੇ ਤੇ ਮੈਲੇਨਿਨ ਦੇ ਮਿਲਣ ਨਾਲ ਨੁਕੀਲੇ ਦੰਦਾਂ ਵਿੱਚ ਰਗੜ ਪੈਦਾ ਹੁੰਦੀ ਹੈ, ਜੋ ਇਸ ਜੀਵ ਦੀ ਸਾਰੀ ਜ਼ਿੰਦਗੀ ਚੱਲਦੀ ਹੈ। ਖ਼ੂਨ ਪੀਣ ਵਾਲੇ ਕੀੜੇ ਦੀ ਉਮਰ ਤਕਰੀਬਨ ਪੰਜ ਸਾਲ ਹੁੰਦੀ ਹੈ।

ਨਵੀਂ ਖੋਜ ਵਿੱਚ ਟੀਮ ਨੇ ਖ਼ੂਨ ਦੇ ਕੀੜੇ ਕੱਢੇ, ਜਬਾੜੇ ਦੇ ਟਿਸ਼ੂਆਂ ਦਾ ਵਿਸ਼ਲੇਸ਼ਣ ਕੀਤਾ ਅਤੇ ਇਨ੍ਹਾਂ ਵਿੱਚ ਸੈਲਾਂ ਦੀ ਖੋਜ ਕੀਤੀ। ਖੋਜਕਾਰਾਂ ਨੇ ਸਟ੍ਰਕਚਰਲ ਪ੍ਰੋਟੀਨ ਦੀ ਪਛਾਣ ਕੀਤੀ, ਜੋ ਇਨ੍ਹਾਂ ਅਲੱਗ-ਅਲੱਗ ਰਸਾਇਣਕ ਹਿੱਸਿਆਂ ਦੀ ਇਕੱਠੇ ਲਿਆਉਣ ਵਿੱਚ ਮਦਦ ਕਰਦਾ ਹੈ। ਇਸ ਪ੍ਰੋਟੀਨ ਨੂੰ ਮਲਟੀਟਾਸਕਿੰਗ ਪ੍ਰੋਟੀਨ (ਐਮ ਟੀ ਪੀ) ਕਹਿੰਦੇ ਹਨ। ਖੋਜਕਾਰਾਂ ਅਨੁਸਾਰ ਐਮ ਟੀ ਪੀ ਜਬਾੜੇ ਦੇ ਗਠਨ ਵਿੱਚ ਕਈ ਤਰ੍ਹਾਂ ਦੀ ਰਸਾਇਣਕ ਭੂਮਿਕਾਨਿਭਾਉਂਦਾ ਹੈ, ਜਿਸ ਨਾਲ ਤਾਂਬਾ, ਮਿਲੈਨਿਨ ਅਤੇ ਪ੍ਰੋਟੀਨ ਇਕੱਠੇ ਆਉਂਦੇ ਹਨ ਅਤੇ ਖ਼ੂਨ ਕੀੜੇ ਦੇ ਜਬਾੜੇ ਨੂੰ ਮਜ਼ਬੂਤ ਬਣਾਉਂਦਾ ਹੈ।

# ਸ਼ਹਿਦ ਦੀਆਂ ਮੱਖੀਆਂ ਵੀ ਆਡ ਈਵਨ ਫਾਰਮੂਲਾ ਸਮਝਦੀਆਂ ਨੇ

ਨਵੀਂ ਦਿੱਲੀ, 2 ਮਈ (ਪੋਸਟ ਬਿਊਰੋ)- 2-4-6-8, ਚਲੋ ਅੱਗੇ ਵਧੋ ਉਡੀਕਣਾ ਨਹੀਂ, ਕੁਝ ਅਜਿਹੇ ਫਾਰਮੂਲੇ ਉੱਤੇ ਸ਼ਹਿਦ ਦੀਆਂ ਮੱਖੀਆਂ ਕੰਮ ਕਰਦੀਆਂ ਹਨ। ਜਿੱਦਾਂ ਇਨਸਾਨ ਜੋੜੇ ਬਣਾ



ਕੇ ਜਾਂ ਜੋੜਿਆਂ ਤੋਂ ਵੱਖ ਕਰ ਕੇ ਆਪਣੇ ਕੰਮ ਨੂੰ ਪੂਰਾ ਕਰਦਾ ਹੈ, ਠੀਕ ਉਸੇ ਤਰ੍ਹਾਂ ਸ਼ਹਿਦ ਦੀਆਂ ਮੱਖੀਆਂ ਵੀ ਕਰਦੀਆਂ ਹਨ।

ਆਡ ਈਵਨ ਗਿਣਤੀਆਂ ਦੇਹਿਸਾਬ ਨੂੰ ਸਮਝਣ ਤੇ ਵੰਡਣ ਦੇ ਨਿਯਮ ਨੂੰ ਪੈਰਿਟੀ ਕਲਾਸੀਫਿਕੇਸ਼ਨ ਕਹਿੰਦੇ ਹਨ। ਇਸ ਤਰ੍ਹਾਂ ਦੀ ਪੈਰਿਟੀ ਕਲਾਸੀਫਿਕੇਸ਼ਨ ਦੀ ਸਮਰੱਥਾ ਅਜੇ ਤਕ ਕਿਸੇ ਹੋਰ ਜੀਵ ਵਿੱਚ ਨਹੀਂ ਦੇਖੀ ਗਈ, ਪ੍ਰੰਤੂ ਜਰਨਲ ਫਰੰਟੀਅਰਸ ਇਨ ਇਕੋਲਾਜੀ ਐਂਡ ਇਵੋਲਿਊਸ਼ਨ ਵਿੱਚ ਛਪੀ ਇੱਕ ਰਿਪੋਰਟ ਅਨੁਸਾਰ ਸ਼ਹਿਦ ਦੀਆਂ ਮੱਖੀਆਂ ਪੈਰਿਟੀ ਕਲਾਸੀਫਿਕੇਸ਼ਨ ਵਿੱਚ ਮਾਸਟਰ ਹੁੰਦੀਆਂ ਹਨ। ਉਹ ਆਡ ਈਵਨ ਦਾ ਹਿਸਾਬ ਸਮਝਦੀਆਂ ਤੇ ਉਸ ਨੂੰ ਫਾਲੋ ਕਰਦੀਆਂ ਹਨ। ਪੈਰਿਟੀ ਕਲਾਸੀਫਿਕੇਸ਼ਨ ਨੂੰ ਇਨਸਾਨਾਂ ਵਿੱਚ ਹਾਈ ਲੈਵਲ ਦਾ ਮੈਥੇਮੈਟੀਕਲ ਫਾਰਮੂਲਾ ਮੰਨਿਆ ਜਾਂਦਾ ਹੈ। ਇਹ ਬੇਹੱਦ ਬੇਸਿਕ ਵੀ ਹੈ ਅਤੇ ਬਹੁਤ ਔਖਾ ਵੀ। ਸਾਧਾਰਨ ਇਨਸਾਨ ਤਾਂ ਬੇਸਿਕ ਨਾਲ ਕੰਮ ਚਲਾ ਲੈਂਦਾ ਹੈ, ਪਰ ਕਿਸੇ ਵੀ ਆਡ ਈਵਨ ਨੰਬਰ ਦੇ ਲੇਖੇ ਨੂੰ ਸਮਝਣ ਵਿੱਚ ਇਨਸਾਨ ਜ਼ਿਆਦਾ ਬਿਹਤਰ, ਰਫਤਾਰ, ਭਾਸ਼ਾ ਦੀ ਸਮਝ ਅਤੇ ਸੰਬੰਧਾਂ ਨੂੰ ਸਮਝਦਾ ਹੈ। ਸ਼ਹਿਦ ਦੀਆਂ ਮੱਖੀਆਂਸੌਖੀ ਤਰ੍ਹਾਂ ਆਰਡਰ ਕੁਆਂਟਿਟੀਸ ਯਾਨੀ ਹੁਕਮ ਦੀ ਮਾਤਰਾ ਵਿੱਚ ਕੰਮ ਕਰਦੀਆਂ ਹਨ, ਜਿਸ ਵਿੱਚ ਸਾਧਾਰਨ ਜੋੜ-ਘਟਾਉਣਾ ਸ਼ਾਮਲ ਹਨ। ਸ਼ਹਿਦ ਦੀਆਂ ਮੱਖੀਆਂ ਦੀ ਲੀਡਰ ਯਾਨੀ ਰਾਣੀ ਜੋ ਹੁਕਮ ਦੇਵੇਗੀ, ਉਸ ਨੂੰ ਮੰਨਣ ਲਈ ਮਧੂਮੱਖੀਆਂ ਇਸੇ ਨਿਯਮ ਨੂੰ ਫਾਲੋ ਕਰਦੀਆਂ ਹਨ। ਉਹ ਇਸੇ ਹੁਕਮ ਦੇ ਅਨੁਸਾਰ ਕਿਸੇ ਵੀ ਚੀਜ਼ ਦੀ ਮਾਤਰਾ, ਪ੍ਰਤੀਕ ਅਤੇ ਆਕਾਰ ਨੂੰ ਤੈਅ ਕਰ ਸਕਦੀਆਂ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm


ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸ਼ਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਆਪਸੀ ਪਿਆਰ-ਏਕਤਾ ਦਾ ਹੀ ਦੂਸਰਾ ਨਾ ਹੈ ਈਦ-ਰਮਜ਼ਾਨ

ਰਮਜ਼ਾਨ ਮੁਸਲਮਾਨਾਂ ਲਈ ਰੋਜ਼ੇ, ਆਤਮ ਨਿਰੀਖਣ ਅਤੇ ਪ੍ਰਾਰਥਨਾ ਦਾ ਪਵਿੱਤਰ ਮਹੀਨਾ ਹੈ। ਇਹ ਉਸ ਮਹੀਨੇ ਵਜੋਂ ਮਨਾਇਆ ਜਾਂਦਾ ਹੈ ਜਿਸ ਦੌਰਾਨ ਹਜ਼ਰਤ ਮੁਹੰਮਦ ਸਾਹਿਬ ਨੇ ਮੁਸਲਮਾਨਾਂ ਲਈ ਪਵਿੱਤਰ ਗ੍ਰੰਥ ਕੁਰਾਨ ਦੀ ਸ਼ੁਰੂਆਤ ਕੀਤੀ ਸੀ। ਵਰਤ ਇਸਲਾਮ ਦੇ ਪੰਜ ਮੂਲ ਸਿਧਾਂਤਾਂ ਵਿੱਚੋਂ ਇੱਕ ਹੈ। ਰਮਜ਼ਾਨ ਦੇ ਦੌਰਾਨ, ਮੁਸਲਮਾਨ ਸਵੇਰ ਤੋਂ ਸੂਰਜ ਡੁੱਬਣ ਤੱਕ ਕੁਝ ਨਹੀਂ ਖਾਂਦੇ-ਪੀਂਦੇ ਹਨ। ਉਨ੍ਹਾਂ ਨੂੰ ਅਪਵਿੱਤਰ ਵਿਚਾਰਾਂ ਅਤੇ ਮਾੜੇ ਵਿਹਾਰ ਤੋਂ ਵੀ ਬਚਣ ਲਈ ਵਰਜਦਾ ਹੈ।

ਰਮਜ਼ਾਨ ਦੇ ਪੂਰੇ ਹੋਣ 'ਤੇ ਤਿੰਨ ਦਿਨਾਂ ਦਾ ਤਿਉਹਾਰ ਈਦ ਅਲ-ਫਿਤਰ ਵਜੋਂ ਜਾਣਿਆ ਜਾਂਦਾ ਹੈ, ਜੋ ਕਿ ਇਸਲਾਮ ਦੇ ਮੁੱਖ ਤਿਉਹਾਰਾਂ ਵਿੱਚੋਂ ਇੱਕ ਹੈ। ਮੁਸਲਮਾਨਾਂ ਲਈ, ਰਮਜ਼ਾਨ ਹਮੇਸ਼ਾ ਸਾਲ ਦਾ ਨੌਵਾਂ ਮਹੀਨਾ ਹੁੰਦਾ ਹੈ। ਰਮਜ਼ਾਨ 2022 2 ਅਪ੍ਰੈਲ ਨੂੰ ਸੂਰਜ ਡੁੱਬਣ ਤੋਂ ਸ਼ੁਰੂ ਹੁੰਦਾ ਹੈ ਅਤੇ 2 ਮਈ ਨੂੰ ਸੂਰਜ ਡੁੱਬਣ 'ਤੇ ਖ਼ਤਮ ਹੁੰਦਾ ਹੈ।

ਸੱਚਾ ਵਰਤ ਆਤਮ-ਸ਼ੁੱਧੀ ਹੈ। ਇਸ ਤੋਂ ਇੱਕ ਅਮੀਰ ਅੰਦਰੂਨੀ ਜੀਵਨ ਆਉਂਦਾ ਹੈ ਜੋ ਨਿਆਂ, ਉਦਾਰਤਾ, ਧੀਰਜ, ਦਿਆਲਤਾ, ਮੁਆਫ਼ੀ, ਦਇਆ ਅਤੇ ਹਮਦਰਦੀ ਵਰਗੀਆਂ ਕਦਰਾਂ-ਕੀਮਤਾਂ ਲਿਆਉਂਦਾ ਹੈ - ਉਹ ਕਦਰਾਂ-ਕੀਮਤਾਂ ਜੋ ਭਾਈਚਾਰੇ ਦੀ ਸਫਲਤਾ ਲਈ ਲਾਜ਼ਮੀ ਹਨ।

ਈਸਾਈ ਧਰਮ ਤੋਂ ਬਾਅਦ, ਇਸਲਾਮ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਧਰਮ ਹੈ, ਜਿਸਦੇ 1 ਬਿਲੀਅਨ ਤੋਂ ਵੱਧ ਪੈਰੋਕਾਰ ਹਨ। ਇਸਲਾਮ ਦੀ ਸ਼ੁਰੂਆਤ ਅਰਬ ਵਿੱਚ ਹੋਈ ਅਤੇ ਉਦੋਂ ਤੋਂ ਇਹ ਦੁਨੀਆ ਭਰ ਵਿੱਚ ਫੈਲ ਗਿਆ ਸੀ।

ਇੰਡੋਨੇਸ਼ੀਆ, ਪਾਕਿਸਤਾਨ, ਬੰਗਲਾਦੇਸ਼, ਨਾਈਜੀਰੀਆ, ਮਿਸਰ, ਤੁਰਕੀ ਅਤੇ ਈਰਾਨ ਵਿੱਚ ਸਭ ਤੋਂ ਵੱਧ ਮੁਸਲਿਮ ਆਬਾਦੀ ਹੈ। ਸੰਯੁਕਤ ਰਾਜ ਵਿੱਚ ਅੰਦਾਜ਼ਨ 7 ਮਿਲੀਅਨ ਮੁਸਲਮਾਨ ਹਨ, 50 ਰਾਜਾਂ ਵਿੱਚੋਂ ਹਰੇਕ ਵਿੱਚ ਮਸਜਿਦਾਂ ਸਥਿਤ ਹਨ।


ਉਹ ਇੱਕ ਮਹੀਨੇ ਤੱਕ ਨਾ ਖਾਂਦੇ-ਪੀਂਦੇ ਹਨ ਅਤੇ ਆਮ ਵਾਂਗ ਆਪਣਾ ਕਾਰੋਬਾਰ ਕਰਦੇ ਹਨ। ਇਸ ਮਹੀਨੇ ਦੇ ਦੌਰਾਨ ਰਮਜ਼ਾਨ ਅਤੇ ਵਰਤ ਰੱਖਣ ਦਾ ਟੀਚਾ ਲੋਕਾਂ ਨੂੰ ਇਹ ਸਮਝਣ ਵਿੱਚ ਮਦਦ ਕਰਨਾ ਹੈ ਕਿ ਉਨ੍ਹਾਂ ਦੇ ਗਰੀਬ ਭੈਣਾਂ-ਭਰਾਵਾਂ ਨੂੰ ਕਿਵੇਂ ਮਹਿਸੂਸ ਹੁੰਦਾ ਹੈ ਜਦੋਂ ਉਨ੍ਹਾਂ ਕੋਲ ਖਾਣ ਲਈ ਕੁਝ ਨਹੀਂ ਹੁੰਦਾ ਅਤੇ ਭੁੱਖੇ ਹੁੰਦੇ ਹਨ, ਅਤੇ ਨਾਲ ਹੀ ਉਨ੍ਹਾਂ ਚੰਗੀਆਂ ਚੀਜ਼ਾਂ ਲਈ ਅੱਲ੍ਹਾ ਦਾ ਸ਼ੁਕਰਗੁਜ਼ਾਰ ਕਰਨਾ ਹੁੰਦਾ ਹੈ ਜਿਨ੍ਹਾਂ ਲਈ ਉਸਨੇ ਕੀਤਾ ਹੈ।

ਮਜ਼ਾਨ ਦੇ ਦੌਰਾਨ ਮੁਸਲਮਾਨ ਆਪਣੇ ਪੈਸੇ ਨਾਲ "ਜ਼ਕਾਤ" (ਦਸਵਾਂ ਹਿੱਸਾ) ਵੀ ਅਦਾ ਕਰਦੇ ਹਨ। ਜ਼ਕਾਤ ਪੈਸੇ ਦੀ ਇੱਛਾ ਨੂੰ ਘਟਾਉਣ ਅਤੇ ਇਸ ਤਰ੍ਹਾਂ ਗਰੀਬਾਂ ਦੀ ਮਦਦ ਕਰਨ ਲਈ ਆਪਣੀ ਕੁੱਲ ਕਿਸਮਤ ਦਾ 2.5 ਪ੍ਰਤੀਸ਼ਤ ਗਰੀਬਾਂ ਨੂੰ ਦਾਨ ਕਰਨ ਦਾ ਅਭਿਆਸ ਹੈ।

ਕੁਰਾਨ ਦੇ ਮੁਤਬਿਕ ,ਆਪਣੇ ਮਨ ਨੂੰ ਕਿਸੇ ਵੀ ਨਕਾਰਾਤਮਕ ਵਿਚਾਰਾਂ ਤੋਂ ਦੂਰ ਰੱਖੋ ਜੋ ਤੁਹਾਡੇ ਪੁੰਨਾ ਅਤੇ ਅੱਲਾਂ ਦੀਆਂ ਰਹਿਮਤਾਂ ਨੂੰ ਘਟਾ ਸਕਦਾ ਹੈ, ਅਤੇ ਹਮੇਸ਼ਾ ਪ੍ਰਮਾਤਮਾ ਅੱਲ੍ਹਾ ਨੂੰ ਯਾਦ ਰੱਖੋ। ਅਜਿਹਾ ਕੁਝ ਕਰਨਾ ਜਿਸ ਨੂੰ ਇਸਲਾਮ ਵਿੱਚ ਪਾਪ ਮੰਨਿਆ ਜਾਂਦਾ ਹੈ ਜਾਂ ਤੁਹਾਡੀਆਂ ਰਹਿਮਤਾਂ ਨੂੰ ਘਟਾਉਂਦਾ ਹੈ।

ਪੇਟ: ਤੁਹਾਡਾ ਪੇਟ ਤੁਹਾਡੇ ਸਰੀਰ ਦੀ ਸਾਰੀ ਤਾਕਤ ਦਾ ਸਰੋਤ ਹੈ। ਇੱਕ ਪ੍ਰਸਿੱਧ ਕਹਾਵਤ ਕਹਿੰਦੀ ਹੈ, "ਤੁਸੀਂ ਉਹ ਹੋ ਜੋ ਤੁਸੀਂ ਖਾਂਦੇ ਹੋ," ਭਾਵ ਜੋ ਤੁਸੀਂ ਖਾਂਦੇ ਹੋ ਉਹ ਤੁਹਾਡੇ 'ਤੇ ਪ੍ਰਭਾਵ ਪਾਉਂਦਾ ਹੈ। ਰਮਜ਼ਾਨ ਵਿੱਚ, ਤੁਸੀਂ ਵਰਤ ਰੱਖ ਕੇ ਆਪਣੀ ਭੁੱਖ ਅਤੇ ਖੁਰਾਕ ਨੂੰ ਨਿਯਮਤ ਕਰਨਾ ਸਿੱਖਦੇ ਹੋ। ਰਮਜ਼ਾਨ ਦੇ ਵਰਤ ਦੀ ਮਿਆਦ ਤੁਹਾਡੇ ਸਰੀਰ ਨੂੰ ਦਿਨ ਭਰ ਕਾਇਮ ਰੱਖਣ ਲਈ ਪੌਸ਼ਟਿਕ ਤੱਤਾਂ ਨਾਲ ਭਰਪੂਰ ਖੁਰਾਕ ਦੀ ਲੋੜ ਹੁੰਦੀ ਹੈ।






ਸੁਰਜੀਤ ਸਿੰਘ ਫਲੋਰਾ

ਵਾਸਨਾ (ਜਨਨ ਅੰਗ) : ਵਰਤ ਰੱਖਣ ਨਾਲ ਜੋਸ਼ ਅਤੇ ਕਾਮਵਾਸਨਾ ਨੂੰ ਵੀ ਕਾਬੂ ਕੀਤਾ ਜਾਂਦਾ ਹੈ। ਇਹ ਤੁਹਾਡੀ ਜਣਨ ਸਿਹਤ ਅਤੇ ਕਾਮਵਾਸਨਾ ਨੂੰ ਨੁਕਸਾਨ ਪਹੁੰਚਾਏਗਾ। ਇੱਛਾਵਾਂ ਦੁਆਰਾ ਗ਼ੁਲਾਮ ਲੋਕ ਆਪਣੇ ਆਪ ਨੂੰ ਕਾਬੂ ਕਰਨ ਅਤੇ ਅਸਲੀਅਤ 'ਤੇ ਧਿਆਨ ਦੇਣ ਲਈ ਸੰਘਰਸ਼ ਕਰਦੇ ਹਨ. ਬਹੁਤ ਜ਼ਿਆਦਾ ਇੱਛਾ ਅਸਲ ਜੀਵਨ ਵਿੱਚ ਤੁਹਾਡੀ ਸ਼ਖਸੀਅਤ, ਸਮਾਜਿਕ ਪਰਸਪਰ ਪ੍ਰਭਾਵ ਅਤੇ ਭਾਵਨਾਵਾਂ ਨੂੰ ਪ੍ਰਭਾਵਿਤ ਕਰਦੀ ਹੈ।

ਕਈ ਭਾਸ਼ਾਵਾਂ (ਜਾਂ ਵਿਸ਼ਵਾਸਾਂ) ਵਿੱਚ ਰੱਬ ਇੱਕੋ ਬ੍ਰਹਿਮੰਡ ਦੇ ਵੱਖੋ-ਵੱਖਰੇ ਕਾਰਨ ਅਸੰਗਤ ਹਨ। ਭਾਵੇਂ ਤੁਸੀਂ ਉਸਨੂੰ ਕੀ ਕਹਿੰਦੇ ਹੋ, ਉਹ ਇੱਕ ਹੈ। ਸ਼ੁਕ੍ਰਾਣੂ ਅਤੇ ਅੰਡੇ ਤੋਂ ਮੌਤ ਤੱਕ ਇੱਕ ਵਿਅਕਤੀ ਦਾ ਸਰੀਰਕ ਮਾਰਗ ਪਹਿਲਾਂ ਤੋਂ ਨਿਰਧਾਰਤ ਹੁੰਦਾ ਹੈ। ਮਨੁੱਖਾਂ ਦਾ ਇੱਕ ਹੀ ਫਾਰਮੂਲਾ ਹੈ, ਅਤੇ ਕੋਈ ਈਸਾਈ, ਯਹੂਦੀ, ਹਿੰਦੂ, ਸਿੱਖ, ਜਾਂ ਹੋਰ ਜੀਨ ਨਹੀਂ ਹਨ।

ਜਦੋਂ ਬ੍ਰਹਿਮੰਡ ਦੀ ਸ਼ੁਰੂਆਤ ਹੋਈ, ਦੋ ਚੀਜ਼ਾਂ ਸਾਹਮਣੇ ਆਈਆਂ: ਪਦਾਰਥ ਅਤੇ ਜੀਵਨ। ਚੀਜ਼ਾਂ ਇਰਾਦੇ ਅਨੁਸਾਰ ਕੰਮ ਕਰਦੀਆਂ ਹਨ, ਜਿਵੇਂ ਸੂਰਜ, ਜੁਪੀਟਰ, ਧਰਤੀ ਅਤੇ ਚੰਦਰਮਾ। ਦੂਜੇ ਪਾਸੇ, ਲੋਕਾਂ ਕੋਲ ਅਰਾਮ ਨਾਲ ਅਤੇ ਕਿਸੇ ਤਰੀਕੇ ਨਾਲ ਸੰਤੁਲਨ ਵਿੱਚ ਰਹਿਣ ਲਈ ਆਪਣਾ ਸੰਤੁਲਨ ਸਥਾਪਤ ਕਰਨ ਲਈ ਪੂਰੀ ਆਜ਼ਾਦੀ, ਦਿਸ਼ਾ (ਧਰਮ) ਅਤੇ ਗਿਆਨ ਹੈ।

ਸਾਡੇ ਸਾਰਿਆਂ ਦੀਆਂ ਰਸਮਾਂ ਹਨ: ਉੱਠਣਾ, ਕੰਮ 'ਤੇ ਜਾਣਾ, ਖਾਣਾ, ਕੱਪੜੇ ਪਹਿਨਣਾ, ਜਿਮ ਜਾਣਾ, ਜਾਂ ਚਰਚ ਜਾਣਾ। ਉਹ ਸਾਡੇ ਜੀਵਨ ਦੀਆਂ ਪ੍ਰਾਪਤੀਆਂ ਹਨ।

ਇੱਕ ਪ੍ਰਸਿੱਧ ਕਵੀ ਦੇ ਸ਼ਬਦਾਂ ਵਿੱਚ, ਵਿਸ਼ਵਾਸ ਇੱਕ ਵਿਸ਼ਵਾਸੀ ਦੇ ਦਿਲ ਵਿੱਚ ਹੁੰਦਾ ਹੈ ਅਤੇ ਹਰ ਧਰਮ ਆਪਣੇ ਪੈਰੋਕਾਰਾਂ ਲਈ ਅਨਮੋਲ ਹੁੰਦਾ ਹੈ। ਧਰਮ ਸਾਡੇ ਸਾਰਿਆਂ ਲਈ ਮਾਂ ਵਰਗਾ ਹੈ।

ਧਰਮਾਂ ਦਾ ਵਿਕਾਸ ਇੱਕ ਸਮਾਜ ਦੀ ਸਿਰਜਣਾ ਕਰਨ ਲਈ ਕੀਤਾ ਗਿਆ ਸੀ ਜਿਸ ਵਿੱਚ ਹਰ ਕੋਈ ਆਪਣੇ ਧਰਮ, ਨਸਲ, ਕੌਮੀਅਤ, ਸੱਭਿਆਚਾਰ ਜਾਂ ਹੋਰ ਵਿਲੱਖਣਤਾ ਵਿੱਚ ਸੁਰੱਖਿਅਤ ਮਹਿਸੂਸ ਕਰਦਾ ਹੈ। ਧਰਮ ਕਦੇ ਵੀ ਮੁੱਦਾ ਨਹੀਂ ਹੁੰਦਾ; ਮਸਲਾ ਉਹ ਵਿਅਕਤੀ ਹੈ ਜੋ ਇਸ ਨੂੰ ਨਹੀਂ ਸਮਝਦਾ।

ਨਾਲ ਹੀ, ਮੁਸਲਮਾਨ ਗੈਰ-ਮੁਸਲਾਨਾਂ ਦਾ ਉਨ੍ਹਾਂ ਦੇ ਇਫਤਾਰ ਤਿਉਹਾਰਾਂ ਵਿੱਚ ਸਵਾਗਤ ਕਰਦੇ ਹਨ। ਪਾਰਟੀਆਂ ਇੱਕ ਭਾਈਚਾਰੇ ਨੂੰ ਉਤਸ਼ਾਹਿਤ ਕਰਦੀਆਂ ਹਨ। ਭੋਜਨ ਦੀ ਇੱਕ ਵਿਸ਼ਾਲ ਕਿਸਮ ਪਹੁੰਚਯੋਗ ਹੈ. ਦੂਜੇ ਧਰਮਾਂ ਵਾਂਗ, ਇਫਤਾਰ ਵਿੱਚ ਜ਼ਿਆਦਾਤਰ ਦੋਸਤ, ਸਿਆਸਤਦਾਨ ਅਤੇ ਭਾਈਚਾਰੇ ਦੇ ਮੈਂਬਰ ਸ਼ਾਮਲ ਹੁੰਦੇ ਹਨ, ਸਿਰਫ ਕੁਝ ਗਰੀਬ ਲੋਕ ਮੌਜੂਦ ਹੁੰਦੇ ਹਨ। ਮੈਨੂੰ ਉਮੀਦ ਹੈ ਕਿ ਇਹ ਸੁਧਾਰ ਕਰੇਗਾ; ਬੱਚੇ ਚੰਗੇ ਭੋਜਨ ਦੇ ਹੱਕਦਾਰ ਹਨ।

ਇੱਕ ਖਾਸ ਮਸਜਿਦ ਵਿੱਚ, 20-30 ਦੇਸ਼ਾਂ ਦੇ ਮੁਸਲਮਾਨ ਹਨ, ਭੋਜਨ ਦੀ ਵਿਭਿੰਨਤਾ ਨੂੰ ਵਧਾ ਰਹੇ ਹਨ। ਥਾਲੀਆਂ 'ਤੇ ਕੀਮਾ, ਕੋਰਮਾ, ਰੂਹ ਅਫਜ਼ਾ, ਮਿੱਠੀ ਲੱਸੀ, ਅੰਬ ਦੀ ਲੱਸੀ, ਅਤੇ ਗੁਲਾਬ ਜਾਮੁਨ ਹਨ। ਸੇਵੀਆਂ, ਅਤੇ ਸ਼ਿਰ ਖੁਰਮਾ ਕਾਫ਼ੀ ਮਸ਼ਹੂਰ ਹੈ; ਇਸ ਵਿੱਚ ਕੱਟੇ ਹੋਏ ਬਦਾਮ, ਕਿਸ਼ਮਿਸ਼, ਕੁਚਲੇ ਹੋਏ ਕਾਜੂ ਅਤੇ ਹੋਰ ਸੁੱਕੇ ਮੇਵੇ ਸ਼ਾਮਲ ਹਨ।

ਸਿਆਸਤਦਾਨਾਂ ਅਤੇ ਕਾਰੋਬਾਰੀਆਂ ਨੇ ਇਫ਼ਤਾਰ ਪਾਰਟੀਆਂ ਕੀਤੀਆਂ। ਰਾਸ਼ਟਰਪਤੀ ਬਿਲ ਕਲੰਿਟਨ ਨੇ ਈਦ ਦੀ ਵਾਇਟ ਹਾਂਊਸ ਵਿਚ ਸ਼ੁਰੂ ਕੀਤਾ, ਅਤੇ ਰਾਸ਼ਟਰਪਤੀ ਓਬਾਮਾ ਨੇ ਇਸਨੂੰ ਜਾਰੀ ਰੱਖਿਆ, ਅਤੇ ਅਸੀਂ ਉਮੀਦ ਕਰਦੇ ਹਾਂ ਕਿ ਬਾਇਡੇਨ ਇਸਨੂੰ ਜਾਰੀ ਰੱਖੇਗਾ। ਇੱਕ ਸਮਾਜਿਕ ਅਤੇ ਸੰਪਰਦ-ਾਇਕ ਘਟਨਾ ਹੈ, ਇਸਦਾ ਕੋਈ ਧਾਰਮਿਕ ਪ੍ਰਭਾਵ ਨਹੀਂ ਹੈ।

ਰਮਜ਼ਾਨ ਆਏਗਾ, ਚਲੇ ਜਾਏ, ਪਰ ਕੀ ਅਸੀਂ ਇਸ ਦੇ ਮੁਖ ਉਦੇਸ ਤੋਂ ਕੁਝ ਸਿੱਖਿਆ: ਰੋਜ਼ੇ ਪੂਰੀ ਤਰ੍ਹਾਂ ਮਨੁੱਖ ਹੋਣ ਦੀ ਭਾਵਨਾ ਪੈਦਾ ਕਰਦਾ ਹੈ। ਇਹ ਬੋਧੀ, ਈਸਾਈ, ਹਿੰਦੂ, ਜੈਨ, ਯਹੂਦੀ, ਸਿੱਖ, ਜੋਰੋਸਟ੍ਰੀਅਨ ਅਤੇ ਹੋਰਾਂ ਦੁਆਰਾ ਮਨਾਇਆ ਜਾਂਦਾ ਹੈ। ਰੋਜ਼ੇ ਨੂੰ ਅਸਲ ਵਿੱਚ ਵਿਆਪਕ ਹੋਣ ਲਈ, ਇਸਦੇ ਫਾਇਦੇ ਮੁਸਲਿਮ ਪਰਿਵਾਰਕ ਬੰਧਨਾਂ ਤੋਂ ਪਰੇ ਅਤੇ ਇੱਕ ਸਾਂਝੀ ਮਨੁੱਖਤਾ ਵਿੱਚ ਹੋਣੇ ਚਾਹੀਦੇ ਹਨ। ਰਮਜ਼ਾਨ ਦੀ ਭਾਵਨਾ ਮਨੁੱਖਾਂ ਸਮੇਤ ਪਰਮਾਤਮਾ ਦੇ ਸਾਰੇ ਪ੍ਰਾਣੀਆਂ ਲਈ ਸਤਿਕਾਰ ਪੈਦਾ ਹੋਣਾ ਚਹਿੰਦਾ ਹੈ। ਆਖਿਰ ਪ੍ਰਮਾਤਮਾ ਤਾਂ ਇਕ ਹੀ ਹੈ। ਇਸ ਦੇ ਨਾਂ ਹੀ ਵੱਖਰੇ ਵੱਖਰੇ ਹਨ।

ਈਦ ਮੁਬਾਰਕ। ਅੱਲ੍ਹਾ ਦੀ ਅਸੀਸ ਅੱਜ, ਕੱਲ੍ਹ ਅਤੇ ਨਿਰੰਤਰ ਸਭ ਦੇ ਨਾਲ ਸਦਾ ਰਹਿਣ! ਕਿਉਂ ਕਿ ਆਪਸੀ ਪਿਆਰ -ਏਕਤਾ ਦਾ ਹੀ ਦੂਸਰਾ ਨਾ ਹੈ ਈਦ-ਰਮਜ਼ਾਨ !!

# ਤੁਰ ਜਾਵਣ ਇੱਕ ਵਾਰ ਤਾਂ ਮਾਵਾਂ ਲੱਭਦੀਆ ਨਹੀਂ

ਕਿਸੇ ਕਵੀ ਨੇ ਮਾਂ ਦੀ ਉਪਮਾ ਵਿੱਚ ਬਹੁਤ ਸੋਹਣੀਆਂ ਸਤਰਾਂ ਉਚਾਰੀਆਂ, ਉਹ ਕਹਿੰਦਾ ਹੈ ਕਿ:

*'ਰੁਤਬਾ ਮਾਂ ਦਾ ਰੱਬ ਬੁਲੰਦ ਕੀਤਾ, ਸਾਨੀ ਮਾਂ ਦਾ ਵਿੱਚ ਸੰਸਾਰ ਕੋਈ ਨਹੀਂ*
*ਦਰਦੀ ਕੋਈ ਨਹੀ ਮਾਂ ਦੇ ਦਿਲ ਵਰਗਾ, ਮਾਂ ਵਾਗੂੰ ਕਰਦਾ ਪਿਆਰ ਕੋਈ ਨਹੀਂ*
*ਜਿਹਦੇ ਸਿਰ ਤੇ ਮਾਂ ਦਾ ਹੱਥ ਹੋਵੇ, ਉਹਨੂੰ ਦੋਹਾਂ ਜਹਾਨਾਂ ਚ ਹਾਰ ਕੋਈ ਨਹੀਂ।'*

ਜ਼ਿੰਦਗੀ ਆਪਣਿਆਂ ਦੇ ਮੋਹ , ਪਿਆਰ ਦੀਆਂ ਤੰਦਾਂ ਦੇ ਕਰਕੇ ਹੀ ਹਸੀਨ ਹੁੰਦੀ ਹੈ। ਸਾਡੇ ਰਿਸ਼ਤੇ ਨਾਤੇ ਹੀ ਸਾਡੀ ਦੁਨੀਆਂ ਹੁੰਦੀ ਹੈ। ਦੁੱਖ ਸੁੱਖ ਦੇ ਸਹਾਇਕ ਸਾਡੇ ਸਾਰੇ ਰਿਸ਼ਤੇ ਸਾਡੇ ਜੀਵਨ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਂਦੇ ਹਨ। ਹਰ ਰਿਸ਼ਤੇ ਦੀ ਇੱਕ ਆਪਣੀ ਅਹਿਮੀਅਤ ਹੈ। ਹਰ ਰਿਸ਼ਤੇ ਦਾ ਆਪਣਾ ਕਿਰਦਾਰ ਤੇ ਜ਼ਿੰਮੇਵਾਰੀਆਂ ਹਨ। ਪਰ ਪੂਰੀ ਦੁਨੀਆਂ ਵਿੱਚ ਜਿਸ ਰਿਸ਼ਤੇ ਨੂੰ ਸਭ ਤੋਂ ਵੱਧ ਸਤਿਕਾਰਿਆ ਗਿਆ ਉਹ ਹੈ ਮਾਂ ਦਾ ਰਿਸ਼ਤਾ। ਜੱਗ ਜਨਣੀ, ਸਿਰਜਣਹਾਰੀ, ਦੇਵੀ, ਰੱਬ ਦਾ ਰੂਪ, ਇਹ ਸਾਰੇ ਨਾਮ ਮਾਂ ਦੇ ਹਿੱਸੇ ਆਏ ਹਨ। ਮਾਵਾਂ ਹੁੰਦੀਆਂ ਹੀ ਏਨੀਆਂ ਪਿਆਰੀਆਂ ਹਨ, ਆਪਣੇ ਮੂੰਹ ਚੋਂ ਬੁਰਕੀ ਖੋਹ ਬੱਚਿਆਂ ਦੇ ਮੂੰਹ ਚ ਪਾਉਣ ਦਾ ਜ਼ੇਰਾ ਰੱਬ ਨੇ ਬਸ ਮਾਂ ਨੂੰ ਹੀ ਦਿੱਤਾ ਹੈ। ਬੱਚਿਆਂ ਦੇ ਢਿੱਡ ਭਰਨ ਲਈ ਆਪ ਭੁੱਖੇ ਢਿੱਡ ਡੰਗ ਸਾਰਣ ਦਾ ਸਬਰ ਕਾਦਰ ਨੇ ਮਾਂ ਦੀ ਝੋਲੀ ਹੀ ਪਾਇਆ ਹੈ । ਮਾਂ ਅਸਲ ਵਿੱਚ ਹੈ ਹੀ ਸਬਰ ਦਾ ਦੂਜਾ ਨਾਮ! ਇਸਦੀ ਉਦਹਾਰਣ ਵੇਖਣੀ ਹੋਵੇ ਤਾਂ ਪੇਕਿਆਂ ਦੇ ਘਰਾਂ ਵਿੱਚ ਚੁਲਬੁਲੀਆਂ ਧੀਆਂ, ਸੋ ਸੋ ਨਖਰੇ ਕਰਨ ਵਾਲੀਆਂ ਧੀਆਂ ਜਦ ਵਿਆਹ ਤੋਂ ਬਾਅਦ ਮਾਵਾਂ ਬਣਦੀਆਂ ਹਨ ਤਾਂ ਉਹਨਾਂ ਦਾ ਉਹੀ ਚੁਲਬੁਲਾ ਬਣ ਸਿਆਣਪ, ਸਮਝ ਤੇ ਸਬਰ ਵਿੱਚ ਤਬਦੀਲ ਹੋ ਜਾਂਦਾ ਹੈ। ਜਿਹੜੀ ਧੀ ਕੱਚੀ ਨੀਂਦੇ ਉੱਠ ਜਾਣ ਤੇ ਪੇਕਾ ਘਰ ਸਿਰ ਤੇ ਚੁੱਕ ਲੈਂਦੀ, ਮਾਂ ਬਨਣ ਤੋਂ ਬਾਅਦ ਸਾਰੀ ਸਾਰੀ ਰਾਤ ਆਪਣੇ ਬੱਚੇ ਦੀ ਖਾਤਰ ਜਾਗਦੀ ਰਹਿੰਦੀ ਹੈ।



ਮਾਵਾਂ ਦੇ ਹੱਥ ਬਰਕਤਾਂ ਵਾਲੇ ਹੱਥ ਹੁੰਦੇ ਹਨ, ਇਹਨਾਂ ਦੇ ਪੈਰਾਂ ਵਿੱਚ ਵਿਹੜਿਆਂ ਦੀ ਰੌਣਕਾਂ ਲੁੱਡੀਆਂ ਪਾਉਂਦੀਆਂ ਹਨ , ਇਹਨਾਂ ਦੇ ਸਾਏ ਹੇਠਾਂ ਇਹਨਾਂ ਦੇ ਬੱਚੜੇ ਸਰਦਾਰੀਆਂ ਕਰਦੇ ਨੇ। ਪੋਟਾ ਪੋਟਾ ਜੋੜ ਘਰ ਬਣਾਉਂਦੀ ਮਾਂ ਸਾਰੀ ਉਮਰ ਨਹੀਂ ਥੱਕਦੀ, ਬੱਚਿਆਂ ਦੀ ਖਾਤਰ ਆਪਣੇ ਸਾਰੇ ਰੀਝਾਂ ਚਾਵਾਂ, ਮਲਾਰਾਂ ਨੂੰ ਮਾਂ ਕਿਤੇ ਡੂੰਘੀ ਖੱਡ ਵਿੱਚ ਦੱਬ ਦਿੰਦੀ ਹੈ ਤੇ ਆਪਣੇ ਬੱਚਿਆਂ ਤੇ ਘਰ ਪਰਿਵਾਰ ਦੇ ਸੁਪਨਿਆਂ ਨੂੰ ਆਪਣੇ ਸੁਪਨੇ ਬਣਾ ਲੈਂਦੀ ਹੈ।

ਮਾਂ ਇਸ ਕੁਦਰਤ ਦੇ ਸਾਰੇ ਰਿਸ਼ਤਿਆਂ ਤੋਂ ਅਹਿਮ ਤੇ ਪਾਕ ਪਵਿੱਤਰ ਰਿਸ਼ਤਾ ਹੈ, ਪਰ ਅੱਜ ਸਾਡੀਆਂ ਮਾਵਾਂ ਦੀ ਦਸ਼ਾ ਉਨ੍ਹੀਂ ਚੰਗੀ ਨਹੀਂ ਜਿੰਨੀ ਹੋਣੀ ਚਾਹੀਦੀ, ਬਿਰਧ ਘਰਾਂ ਵਿੱਚ ਪਈਆਂ ਮਾਵਾਂ ਨੂੰ ਇੱਕ ਵਾਰ ਮਿਲਣ ਦਾ ਮੌਕਾ ਬਣਿਆ ਤਾਂ ਮਾਂ ਕਹਿਣ ਲੱਗੀ ਪੁੱਤ ਆ ਮੇਰਾ ਲੱਕ ਵੇਖ.... ਇਸ ਲੱਕ ਤੇ ਚੁੱਕ ਚੁੱਕ ਕੇ ਪੁੱਤ ਨੂੰ ਪਾਲਿਆ ਸੀ, ਜਿਸ ਦਿਨ ਘਰੋਂ ਕੱਡਿਆ ਏਸੇ ਲੱਕ ਉੱਤੇ ਲੱਤ ਮਾਰ ਕੇ ਬਾਹਰ ਸੁੱਟਿਆ ਸੀ, ਕਿਸੇ ਕਬਾੜੀ ਦੇ ਸਮਾਨ ਵਾਂਗ, ਮੈਂ ਸੁਣਦੇ ਸਾਰ ਸੁੰਨ ਹੋ ਗਈ ਤੇ ਸੋਚਣ ਲੱਗੀ ਕਿ ਕਿਸ ਤਰ੍ਹਾਂ ਦਾ ਅਕਿਰਤਘਣ ਸਮਾਜ ਅਸੀਂ ਸਿਰਜ ਰਹੇਂ ਹਾਂ, ਜਿੱਥੇ ਤੀਲਾ ਤੀਲਾ ਜੋੜ ਬਣਾਏ ਘਰ ਵਿੱਚ ਮਾਪਿਆਂ ਲਈ ਇੱਕ ਕਮਰਾ ਤੱਕ ਨਹੀਂ ਰਹਿ ਜਾਂਦਾ।

ਇੱਕ ਗੱਲ ਯਾਦ ਰੱਖਣਯੋਗ ਹੈ ਕਿ ਹੋਰ ਕਿਸੇ ਦੀ ਦੁਆਵਾਂ ਲੱਗਣ ਜਾਂ ਨਾ ਲੱਗਣ ਪਰ ਮਾਂ ਦੇ ਮੂੰਹੋਂ ਨਿਕਲੀ ਦੁਆਂ ਆਪਣੇ ਬੱਚਿਆਂ ਲਈ ਕੀਤੀਆਂ ਅਰਦਾਸਾਂ ਕਦੇ ਵਿਅਰਥ ਨਹੀਂ ਜਾਂਦੀਆਂ, ਮਾਂ ਆਪਣੀ ਆਈ ਤੇ ਆ ਜਾਵੇ ਤਾਂ ਮੌਤ ਦੇ ਮੂੰਹ ਵਿੱਚੋਂ ਵੀ ਆਪਣੇ ਆਦਰਾਂ ਦੇ ਟੋਟੇ ਨੂੰ ਛੁਡਾ ਲਿਆਉਂਦੀ ਹੈ। ਇਹ ਕਰਮਾਂ ਵਾਲੀਆਂ ਰੂਹਾਂ ਸਤਿਕਾਰ ਦੀਆਂ ਹੱਕਦਾਰ ਹਨ, ਇਹ ਪਾਕ ਪਵਿੱਤਰ ਰੂਹਾਂ ਦੇ ਚਰਨ ਕਿਸੇ ਤੀਰਥ ਸਥਾਨ ਤੋਂ ਘੱਟ ਨਹੀਂ। ਆਉ ਅੱਜ ਮਾਂ ਦਿਵਸ ਦੇ ਇਸ ਖਾਸ ਮੌਕੇ ਤੇ ਪ੍ਣ ਕਰੀਏ ਕਿ ਸਾਡੀਆਂ ਮਾਵਾਂ ਦਾ ਬੁਢਾਪਾ ਅਸੀਂ ਉਹਨਾਂ ਮਜ਼ਬੂਤ ਹੱਥਾਂ ਵਾਂਗ ਹੀ ਸਾਂਭ ਸਕੀਏ ਜਿਵੇ ਦੇ ਮਜ਼ਬੂਤ ਹੱਥਾਂ ਨਾਲ ਮਾਂ ਨੇ ਕਦੇ ਬਚਪਨ ਵਿੱਚ ਸਾਨੂੰ ਸੋ ਵਾਰ ਡਿੱਗਣ ਤੋਂ ਬਚਾਇਆ ਸੀ।

ਰੱਬ ਕਰੇ ਹਰ ਘਰ ਦੇ ਵਿਹੜੇ ਵਿੱਚ ਮਾਵਾਂ ਦੇ ਹਾਸੇ, ਉਹਨਾਂ ਦੀ ਝਿੜਕ ਦੀ ਬਿੜਕ ਸੁਣਦੀ ਰਹੇ। ਹਰ ਮਾਂ ਸਰਦਾਰੀ ਭੋਗ ਕੇ ਜਾਵੇ ਤੇ ਕੋਈ ਮਾਂ ਔਲਾਦ ਹੱਥੋਂ ਦੁੱਖੀ ਨਾ ਹੋਵੇ। ।

*-ਹਰਕੀਰਤ ਕੌਰ*
*9779118066*

# ਲੈਕਚਰਾਰ ਕਾਹਦਾ ਬਣਿਆ

-ਪ੍ਰਿੰਸੀਪਲ ਸੁਖਦੇਵ ਸਿੰਘ ਰਾਣਾ

ਹਰੇਕ ਕਰਮਚਾਰੀ ਦੇ ਦਿਲ ਵਿੱਚ ਤਰੱਕੀ ਲਈ ਆਸ ਅਤੇ ਤਾਂਘ ਹੁੰਦੀ ਹੈ। ਜਦੋਂ ਕਿਸੇ ਮੁਲਾਜ਼ਮ ਦੀ ਤਰੱਕੀ ਹੁੰਦੀ ਹੈ ਤਾਂ ਉਸ ਦਾ ਮਨ ਹਵਾ ਵਿੱਚ ਉਡਣ ਨੂੰ ਕਰਦਾ ਹੈ। ਨਾਲ ਦੇ ਸਾਥੀਆਂ, ਰਿਸ਼ਤੇਦਾਰਾਂ ਦੀਆਂ ਵਧਾਈਆਂ ਤੇ ਪਾਰਟੀਆਂ ਦੀ ਮੰਗ ਆਮ ਗੱਲ ਹੈ, ਪਰ ਸਾਡਾ ਰਾਜ ਪ੍ਰਬੰਧ ਜਾਂ ਕਹਿ ਲਓ ਸਾਡਾ ਦਫਤਰੀ ਪ੍ਰਬੰਧ ਭ੍ਰਿਸ਼ਟਾਚਾਰ ਵਿੱਚ ਇੰਨਾ ਗਰਕ ਹੋ ਚੁੱਕਾ ਹੈ ਕਿ ਤਰੱਕੀ ਪ੍ਰਾਪਤ ਮੁਲਾਜ਼ਮ ਦੀਆਂ ਖੁਸ਼ੀਆਂ, ਚਾਅ ਥੋੜ੍ਹੇ ਦਿਨਾਂ ਵਿੱਚ ਹਵਾ-ਹਵਾਈ ਹੋ ਜਾਂਦੇ ਹਨ।

ਮੇਰੇ ਨਾਲ ਵੀ ਇਸੇ ਤਰ੍ਹਾਂ ਵਾਪਰਿਆ। ਨੌਵੇਂ ਦਹਾਕੇ ਦੇ ਸ਼ੁਰੂ ਵਿੱਚ ਸਿੱਖਿਆ ਵਿਭਾਗ ਨੇ ਲੈਕਚਰਾਰ ਤੇ ਮਾਸਟਰਾਂ ਦੀਆਂ ਪੋਸਟਾਂ ਦਾ ਇਸ਼ਤਿਹਾਰ ਦਿੱਤਾ। ਹਜ਼ਾਰਾਂ ਲੋਕਾਂ ਨੇ ਉਸ ਲਈ ਅਪਲਾਈ ਕੀਤਾ, ਜਿਨ੍ਹਾਂ ਵਿੱਚੋਂ ਮੈਂ ਵੀ ਇੱਕ ਸੀ।ਉਨ੍ਹਾਂ ਦਿਨਾਂ ਵਿੱਚ ਮੈਂ ਬਤੌਰ ਮਾਸਟਰ ਮਾਨੂੰਪੁਰ ਸਕੂਲ ਵਿਖੇ ਸੇਵਾ ਨਿਭਾ ਰਿਹਾ ਸੀ। ਮੇਰੇ ਵਿਸ਼ੇ ਦੀ ਚੋਣ ਕਮੇਟੀ ਫਰੀਦਕੋਟ ਵਿਖੇ ਜ਼ਿਲਾ ਸਿੱਖਿਆ ਅਫਸਰ ਅਧੀਨ ਬਣੀ ਸੀ। ਬਸ ਚੜ੍ਹਨ ਤੋਂ ਪਹਿਲਾਂ ਮੇਰੇ ਨਾਲ ਇੰਟਰਵਿਊ ਉੱਤੇ ਗਏ ਦੇਵੀ ਦਿਆਲ ਚੜ੍ਹੇ ਅਤੇ ਮੈਂ ਬਾਬਾ ਫਰੀਦ ਜੀ ਦੀ ਮਜ਼ਾਰ ਉੱਤੇ ਅਕੀਦਤ ਦੇ ਫੁੱਲ ਭੇਟ ਕਰ ਕੇ ਆਏ। ਸਾਲ ਕੁ ਬਾਅਦ ਜਿਨ੍ਹਾਂ ਦੀ ਸਰਕਾਰੇ-ਦਰਬਾਰੇ ਪਹੁੰਚ ਸੀ, ਉਨ੍ਹਾਂ ਨੂੰ ਲੈਕਚਰਾਰ ਜਾਂ ਮਾਸਟਰ ਦੇ ਆਰਡਰ ਮਿਲ ਗਏ। ਕਈ ਉਹ ਲੋਕ ਵੀ ਸਨ, ਜਿਨ੍ਹਾਂ ਨੇ ਨਾ ਅਪਲਾਈ ਕੀਤਾ, ਨਾ ਇੰਟਰਵਿਊ ਦਿੱਤੀ।ਮੈਨੂੰ ਜਦੋਂ ਪਤਾ ਚੱਲਿਆ ਕਿ ਤੀਜੇ ਦਰਜੇ ਵਾਲੇ ਲੈਕਚਰਾਰ ਲੱਗ ਗਏ ਤਾਂ ਮੈਂ ਸਕੂਟਰ ਚੁੱਕਿਆ ਤੇ ਪਹੁੰਚ ਗਿਆ ਡਾਇਰੈਕਟਰ, ਸਿੱਖਿਆ ਦੇ ਦਫਤਰ ਸੈਕਟਰ-17। ਦਫਤਰ ਵਿੱਚ ਮੇਰਾ ਰਿਸ਼ਤੇਦਾਰ ਕਲਰਕ ਸੀ। ਉਹ ਮੈਨੂੰ ਉਸ ਬਾਊ ਕੋਲ ਲੈ ਗਿਆ ਜੋ ਲੈਕਚਰਾਰਾਂ ਦੇ ਆਰਡਰ ਦਿੰਦਾ ਸੀ। ਜਦੋਂ ਮੈਂ ਉਥੇ ਸੰਬੰਧਤ ਬਾਊ ਨੂੰ ਆਰਡਰ ਬਾਰੇ ਪੁੱਛਿਆ ਤਾਂ ਬਹੁਤ ਰੁੱਖਾ ਜਿਹਾ ਬੋਲ ਕੇ ਕਹਿੰਦਾ, "ਜਿਹੜੇ ਰੱਖਣੇ ਸੀ, ਰੱਖੇ ਗਏ। ਕੁਛ ਨੀਂ ਹੋਣਾ।"

ਮੈਂ ਨਿਮੋਝੂਣਾ ਹੋ ਕੇ ਬਾਹਰ ਆ ਗਿਆ। ਕੁਝ ਉਮੀਦਵਾਰਾਂ ਨੇ ਹਾਈ ਕੋਰਟ ਵਿੱਚ ਰਿੱਟ ਪਾ ਦਿੱਤੀ ਕਿ ਚੋਣ ਠੀਕ ਨਹੀਂ ਹੋਈ। ਅਦਾਲਤ ਨੇ ਸਿੱਖਿਆ ਵਿਭਾਗ ਤੋਂ ਚੋਣ ਕਮੇਟੀਆਂ ਦੀਆਂ ਚੋਣ ਸੂਚੀ ਮੰਗ ਕੇ ਮੈਰਿਟ ਲਿਸਟ ਐਲਾਨ ਕਰ ਦਿੱਤੀ। ਮੈਰਿਟ ਲਿਸਟ ਅਨੁਸਾਰ ਹਿਸਟਰੀ ਦੇ ਲਗਭਗ 3000 ਉਮੀਦਵਾਰਾਂ ਵਿੱਚੋਂ ਮੇਰਾ ਪੰਜਾਬ ਭਰ ਵਿੱਚੋਂ ਦੂਜਾ ਨੰਬਰ ਸੀ। ਮੈਨੂੰ ਲੈਕਚਰਾਰ ਬਣਨ ਦਾ ਇੰਨਾ ਚਾਅ ਸੀ ਕਿ ਸਕੂਲੋਂ ਛੁੱਟੋ ਲੈ ਕੇ ਆਰਡਰ ਲੈਣ ਲਈ ਸਕੂਟਰ ਉੱਤੇ ਚੰਡੀਗੜ੍ਹ ਚੱਲ ਪਿਆ। ਮੈਂ ਡੀ ਪੀ ਆਈ ਦਫਤਰ ਚੰਡੀਗੜ੍ਹ ਜਾ ਕੇ ਸੰਬੰਧਤ ਬ੍ਰਾਂਚ ਵਿੱਚ ਆਪਣੀ ਚੋਣ ਬਾਰੇ ਦੱਸ ਕੇ ਆਰਡਰ ਬਾਰੇ ਪੁੱਛਿਆ ਤਾਂ ਉਥੇ ਬ੍ਰਾਂਚ ਇੰਚਾਰਜ ਕਹਿਣ ਲੱਗਾ ਕਿ ਆਰਡਰ ਡਾਕ ਰਾਹੀਂ ਭੇਜ ਦਿੱਤੇ ਸੀ, ਮਿਲੇ ਨ੍ਹੀਂ। ਮੈਂ ਨਾਂਹ ਕੀਤੀ ਤਾਂ ਉਸ ਨੇ ਕੱਲ੍ਹ ਨੂੰ ਆਉਣ ਦਾ ਹੁਕਮ ਸੁਣਾ ਦਿੱਤਾ। ਭਵਿੱਖ ਵਿੱਚ ਜਿਹੜੀ ਖੱਜਲ-ਖੁਆਰੀ ਹੋਣੀ ਸੀ, ਉਹ ਅਜੇ ਮੇਰੀ ਉਡੀਕ ਕਰ ਰਹੀ ਸੀ। ਜਦੋਂ ਮੈਂ ਦੂਜੇ ਦਿਨ ਪਹੁੰਚਿਆ ਤਾਂ ਉਨ੍ਹਾਂ ਨੇ ਹੁਕਮ ਸੁਣਾ ਦਿੱਤਾ ਕਿ ਤੂੰ ਯੋਗ ਪ੍ਰਣਾਲੀ ਰਾਹੀਂ ਅਰਜ਼ੀ ਭੇਜੀ ਸੀ। ਜਦੋਂ ਮੈਂ ਹਾਂ ਕਹੀ ਤਾਂ ਕਹਿੰਦੇ ਕਿ ਸਕੂਲ ਦਾ ਡਾਕ ਰਜਿਸਟਰ ਲੈ ਕੇ ਆ, ਜਿੱਥੇ ਨੰਬਰ ਲਾ ਕੇ ਅਰਜ਼ੀ ਭੇਜੀ ਸੀ।ਨਾਲੇ ਸਕੂਲ ਮੁਖੀ ਤੋਂ ਲਿਖਾ ਕੇ ਲਿਆ। ਲਓ ਜੀ, ਬਹੁਤ ਦੁਖੀ ਅਤੇ ਨਿਰਾਸ਼ ਹੋ ਕੇ ਮੈਂ ਥੱਲੇ ਪਹੁੰਚਿਆ ਤੇ ਸਕੂਟਰ ਉੱਤੇ ਚੱਲ ਪਿਆ। ਮੈਂ ਰੋਜ਼ ਖੰਨਾ ਤੋਂ ਚੰਡੀਗੜ੍ਹ ਨੂੰ ਸਕੂਟਰ ਉੱਤੇ ਜਾਣ ਲੱਗ ਪਿਆ। ਖੰਨੇ ਤੋਂ ਚੰਡੀਗੜ੍ਹ ਦੀ ਦੂਰੀ 65 ਕਿਲੋਮੀਟਰ ਦੇ ਲਗਭਗ ਹੈ। ਕਦੇ ਰੋਲ ਨੰਬਰ, ਕਦੇ ਹਲਫੀਆ ਬਿਆਨ, ਕਦੇ ਰਿਕਾਰਡ ਕੀਪਰ ਛੁੱਟੀ ਉੱਤੇ ਐ, ਕਦੇ ਡਿਪਟੀ ਡੀ ਪੀ ਆਈ ਅੱਜ ਨਹੀਂ ਆਏ, ਕਦੇ ਕੁਛ, ਕਦੇ ਕੁਛ ਮੰਗ ਕੇ ਉਨ੍ਹਾਂ ਨੇ ਮੈਨੂੰ ਥਕਾ ਦਿੱਤਾ। ਮੈਂ ਲਗਭਗ ਚਾਲੀ ਦਿਨ ਕੜਾਕੇ ਦੀ ਠੰਢ ਵਿੱਚ ਚੰਡੀਗੜ੍ਹ ਸਕੂਟਰ ਉੱਤੇ ਆਉਣ ਜਾਣ ਕਰਦਾ ਰਿਹਾ।

ਦਸੰਬਰ ਦੇ ਪਹਿਲੇ ਹਫਤੇ ਜਦ ਮੈਂ ਗਿਆ ਤਾਂ ਕਹਿਣ ਲੱਗੇ ਕਿ ਡਿਪਟੀ ਡੀ ਪੀ ਆਈ ਦੇ ਮੁੰਡੇ ਦਾ ਵਿਆਹ ਹੈ, ਉਹ ਤਾਂ ਫਾਜ਼ਿਲਕਾ ਚਲੇ ਗਏ। ਤੂੰ 15 ਦਿਨ ਬਾਅਦ ਪਤਾ ਕਰ ਲਈਂ। ਮੈਂ ਸਰਦੀ ਦੀ ਪਹਿਲੀ ਛੁੱਟੀ ਨੂੰ ਦਫਤਰ ਜਾ ਕੇ ਆਰਡਰ ਬਾਰੇ ਪੁੱਛਿਆ ਤਾਂ ਜਵਾਬ ਮਿਲਿਆ, ਉਹੋਤੇਰੀ ਤਾਂ ਫਾਈਲ ਗੁੰਮ ਹੋ ਗਈ। ਤੂੰ ਮੁੜ ਇੱਕ ਹਲਫੀਆ ਬਿਆਨ, ਰੋਲ ਨੰਬਰ ਤੇ ਸਰਟੀਫਿਕੇਟਾਂ ਦੀਆਂ ਕਾਪੀਆਂ ਕਰਵਾ ਕੇ ਦੇ ਜਾ ਨਵੇਂ ਸਾਲ ਪਤਾ ਕਰੀਂ। ਮੈਂ ਝੱਟ ਦੇਣੇ ਬੱਸ ਅੱਡੇ ਕੋਲ ਕਚਹਿਰੀਆਂ ਵਿੱਚ ਪਹੁੰਚਿਆ। ਪੰਦਰਾਂ ਰੁਪਏ ਦਾ ਅਸ਼ਟਾਮ ਪੰਜਾਹ ਰੁਪਏ ਵਿੱਚ ਮਿ-ਲਿਆ। ਸਮੱਸਿਆ ਸੀ ਟਾਈਪ ਦੀ ਕਿਉਂਕਿ ਚੰਡੀਗੜ੍ਹ ਵਿੱਚ ਪੰਜਾਬੀ ਦੀ ਟਾਈਪ ਘੱਟ ਲੱਭਦੀ ਹੈ। ਅੰਗਰੇਜ਼ੀ ਵਿੱਚ ਛੇਤੀ ਦੋ ਅਸ਼ਟਾਮ ਤੇ ਹਲਫੀਆ ਬਿਆਨ ਟਾਈਪ ਕਰਵਾ ਕੇ ਫਿਰ ਫਾਈਲ ਜਮ੍ਹਾ ਕਰਵਾ ਦਿੱਤੀ। ਜਨਵਰੀ ਦੇ ਪਹਿਲੇ ਹਫਤੇ ਮੈਂ ਮੁੜ ਦਫਤਰ ਪਹੁੰਚਿਆ ਤਾਂ ਉਹੀ ਬਹਾਨਾ, ਅਜੇ ਡੀ ਪੀ ਆਈ ਨੇ ਫਾਈਲ ਉੱਤੇ ਸਹੀ ਨਹੀਂ ਪਾਈ, ਅੱਜ ਸੁਪਰਡੈਂਟ ਅਦਾਲਤ ਗਿਆ ਹੈ। ਮੈਨੂੰ ਮਹਿਸੂਸ ਹੋਇਆ ਕਿ ਇਨ੍ਹਾਂ ਨੂੰ ਸ਼ਾਇਦ ਮੇਰੀ ਮੈਰਿਟ ਨਾਲ ਨਫਰਤ ਹੈ ਜਾਂ ਮੇਰਾ ਦਮ ਦੇਖ ਰਹੇ ਹਨ। ਆਖਰ ਸੋਚਿਆ ਕਿ ਕੁਝ ਦਿਨ ਠਹਿਰ ਕੇ ਆਵਾਂਗਾ। ਅਖੀਰ ਜਨਵਰੀ ਦੇ ਅੰਤ ਵਿੱਚ ਮੈਨੂੰ ਕਾਉਂਕੇ ਕਲਾਂ ਦੇ ਆਰਡਰ ਮਿਲੇ।

ਸਮੱਸਿਆ ਇਹ ਸੀ ਕਿ ਉਥੇ ਕਿਵੇਂ ਪਹੁੰਚ ਹੋਊ। ਖੰਨੇ ਤੋਂ ਲਗਭਗ 96 ਕਿਲੋਮੀਟਰ ਇੱਕ ਪਾਸੇ ਦਾ ਫਾਸਲਾ ਸੀ। ਇਸ ਮੌਕੇ ਜੋਗਿੰਦਰ ਆਜ਼ਾਦ ਨੇ ਮੇਰੀ ਮਦਦ ਕੀਤੀ। ਅਜੇ ਮੈਂ ਕਾਉਂਕੇ ਕਲਾਂ ਜਾਣ ਬਾਰੇ ਸ਼ਸ਼ੋਪੰਜ ਵਿੱਚ ਸੀ ਕਿ ਮੈਨੂੰ ਇੱਕ ਜਾਣਕਾਰ ਹੈੱਡਮਾਸਟਰ ਨੇ ਦੱਸਿਆ ਕਿ ਸਾਹ-ਨੇਵਾਲ ਕੋਲ ਜੰਡਿਆਲੀ ਵਿਖੇ ਹਿਸਟਰੀ ਦੀ ਪੋਸਟ ਖਾਲੀ ਹੈ। ਹਰ ਰੋਜ਼ ਉਥੇ ਆਇਆ-ਜਾਇਆ ਜਾ ਸਕਦਾ ਸੀ।ਮੈਂ ਜੰਡਿਆਲੀ ਸਕੂਲ ਤੋਂ ਪੋਸਟ ਲਿਖਾ ਕੇ ਡੀ ਪੀ ਆਈ ਦਫਤਰ ਦੇ ਆਇਆ। ਉਨ੍ਹਾਂ ਦਿਨਾਂ ਵਿੱਚ ਦਲਜੀਤ ਸਿੰਘ ਭੜੀ (ਸਾਬਕਾ ਪੀ ਸੀ ਐੱਸ) ਡੀ ਪੀ ਆਈ ਦਫਤਰ ਵਿੱਚ ਅਫਸਰ ਲੱਗੇ ਸਨ। ਉਨ੍ਹਾਂ ਮੇਰੀ ਬਹੁਤ ਸਹਾਇਤਾ ਕੀਤੀ। ਫਰਵਰੀ ਦਾ ਮਹੀਨਾ ਲੰਘ ਗਿਆ, ਪਰ ਆਰਡਰ ਬਦਲ ਕੇ ਨਹੀਂ ਆਏ। ਮਾਰਚ ਵਿੱਚ ਦਲਜੀਤ ਸਿੰਘ ਦੇ ਉਪਰਾਲੇ ਸਦਕਾ ਮੈਨੂੰ ਜੰਡਿਆਲੀ ਦੇ ਆਰਡਰ ਮਿਲੇ। ਉਨ੍ਹਾਂ ਦੀ ਸਹਾਇਤਾ ਨੂੰ ਕਦੇ ਭੁੱਲ ਨਹੀਂ ਸਕਦਾ। ਜਦੋਂ ਮੈਂ ਡੀ ਪੀ ਆਈ ਦਫਤਰ ਤੋਂ ਆਰਡਰ ਲੈ ਕੇ ਤੁਰਿਆ ਤਾਂ ਮੇਰਾ ਜਾਣੂ ਲੈਕਚਰਾਰ ਮਿਲਿਆ, ਜੋ ਮੇਰੇ ਵਾਲੀ ਮੈਰਿਟ ਸੂਚੀ ਵਿੱਚ ਸ਼ਾਮਲ ਸੀ।ਜਦੋਂ ਉਸ ਨੂੰ ਮੈਂ ਸਾਰੀ ਖੱਜਲ-ਖੁਆਰੀ ਦੀ ਗੱਲ ਸੁਣਾਈ ਤਾਂ ਹੱਸ ਕੇ ਕਹਿੰਦਾ ਕਿ ਜਿੰਨੇ ਰੁਪਏ ਦਾ ਤੂੰ ਤੇਲ ਫੂਕਿਆ, ਓਨੇ ਦੀ ਇਨ੍ਹਾਂ ਦੀ ਸੇਵਾ-ਪਾਣੀ ਕਰ ਦਿੰਦਾ, ਕਦੋਂ ਦੇ ਆਰਡਰ ਮਿਲ ਜਾਂਦੇ। ਮੈਂ ਇਨ੍ਹਾਂ ਦੀ ਸੇਵਾ-ਪਾਣੀ ਕਰ ਕੇ ਦੋ ਮਹੀਨੇ ਪਹਿਲਾਂ ਜੁਆਇਨ ਕਰ ਲਿਆ। ਮੈਂ ਬਹੁਤ ਹੈਰਾਨ ਹੋਇਆ। ਮੈਂ ਉਨ੍ਹਾਂ ਭ੍ਰਿਸ਼ਟਾਚਾਰੀ ਬਾਬੂਆਂ ਨੂੰ ਵੀ ਭੁੱਲ ਨਹੀਂ ਸਕਦਾ ਜਿਨ੍ਹਾਂ ਨੇ ਮੇਰੀਆਂ ਲੀਕਾਂ ਕਢਵਾ ਦਿੱਤੀਆਂ ਆਰਡਰ ਲੈਣ ਲਈ।

ਕਦੋਂ ਬਦਲੇਗਾ ਸਾਡਾ ਇਹ ਸਿਸਟਮ ਜਿੱਥੇ ਮੈਰਿਟ ਦੀ ਕੋਈ ਕਦਰ ਨਹੀਂ। ਅੰਨ੍ਹੀ ਪੀਂਹਦੀ ਤੇ ਕੁੱਤੇ ਚੱਟਦੇ ਹਨ। ਕਦੋਂ ਇਹ ਕੁਰਸੀਆਂ ਉੱਤੇ ਬੈਠੀਆਂ ਮਨੁੱਖ ਰੂਪੀ ਜੋਕਾਂ ਲੋਕਾਂ ਦਾ ਖੂਨ ਚੂਸਦੀਆਂ ਰਹਿਣਗੀਆਂ।

## ਜ਼ਹਿਰੀਲਾ ਪਦਾਰਥ ਨਿਗਲਣ ਕਾਰਨ ਮਾਂ ਤੇ ਦੋ ਬੱਚਿਆਂ ਦੀ ਮੌਤ



ਭੀਖੀ, 2 ਮਈ (ਪੋਸਟ ਬਿਊਰੋ)- ਨੇੜਲੇ ਪਿੰਡ ਸਮਾਓਂ ਵਿੱਚ ਪੇਕੇ ਰਹਿੰਦੀ ਔਰਤ ਵੱਲੋਂ ਆਪਣੇ ਤਿੰਨ ਬੱਚਿਆਂ ਸਮੇਤ ਜ਼ਹਿਰੀਲੀ ਵਸਤੂ ਨਿਗਲਣ ਕਾਰਨ ਔਰਤ ਅਤੇ ਉਸ ਦੇ ਦੋ ਬੱਚਿਆਂ ਦੀ ਮੌਤ ਹੋ ਗਈ ਹੈ।

ਮ੍ਰਿਤਕਾ ਦੇ ਭਰਾ ਜਿੰਮੀ ਨੇ ਦੱਸਿਆ ਕਿ ਰਮਨਦੀਪ ਕੌਰ (32) ਦਾ ਵਿਆਹ ਲਗਭਗ ਸੱਤ ਸਾਲ ਪਹਿਲਾਂ ਪਿੰਡ ਮੌੜ ਚੜ੍ਹਤ ਸਿੰਘ ਵਾਲਾ ਦੇ ਜੀਵਨ ਸਿੰਘ ਨਾਲ ਹੋਇਆ ਸੀ। ਇਸ ਜੋੜੇ ਦੇ ਤਿੰਨ ਬੱਚੇ ਹਨ। ਪਤੀ ਵੱਲੋਂ ਕੁੱਟਮਾਰ ਕਰਨ ਕਰ ਕੇ ਰਮਨਦੀਪ ਆਪਣੇ ਪੇਕੇ ਰਹਿੰਦੀ ਸੀ। ਕੱਲ੍ਹ ਜਦੋਂ ਸਾਰਾ ਪਰਵਾਰ ਕੰਮ ਉੱਤੇ ਗਿਆ ਸੀ ਤਾਂ ਰਮਨਦੀਪ ਨੇ ਖੁਦ ਸਲਫਾਸ ਖਾ ਲਈ ਤੇ ਆਪਣੇ ਤਿੰਨਾਂ ਬੱਚਿਆਂ ਬੇਟੀ ਆਕਾਸ਼ਦੀਪ ਕੌਰ (7), ਬੇਟਾ ਜਗਮੀਤ ਸਿੰਘ (ਸਾਢੇ ਤਿੰਨ ਸਾਲ), ਤੀਸਰੀ ਬੇਟੀ ਸੁਖਮਨ ਕੌਰ (ਡੇਢ ਸਾਲ) ਨੂੰ ਵੀ ਸਲਫਾਸ ਖੁਆ ਦਿੱਤੀ। ਇਲਾਜ ਲਈ ਪਟਿਆਲਾ ਪਹੁੰਚ ਕੇ ਰਮਨਦੀਪ ਕੌਰ ਅਤੇ ਦੋ ਬੱਚਿਆਂ ਦੀ ਮੌਤ ਹੋ ਗਈ, ਜਦ ਕਿ ਇੱਕ ਬੱਚੇ ਦੀ ਹਾਲਤ ਗੰਭੀਰ ਬਣੀ ਹੋਈ ਹੈ।

## ਬਲਜਿੰਦਰ ਸਿੰਘ ਪਰਵਾਨਾ ਦੇ ਖਿਲਾਫ ਪਹਿਲਾਂ ਵੀ ਕਈ ਕੇਸ ਦਰਜ ਹੋਏ ਨਿਕਲੇ

### * ਬਾਦਲ ਅਕਾਲੀ ਦਲ ਪਰਵਾਨਾ ਦੇ ਹੱਕ ਵਿੱਚ ਨਿਤਰਿਆ

ਪਟਿਆਲਾ, 2 ਮਈ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਪਿਛਲੇ ਦਿਨੀਂ ਹੋਈ ਹਿੰਸਾ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਗਏ ਸਿੱਖ ਆਗੂ ਬਲਜਿੰਦਰ ਸਿੰਘ ਪਰਵਾਨਾ ਦੇ ਖਿਲਾਫ ਪਹਿਲਾਂ ਵੀ ਵੱਖ-ਵੱਖ ਥਾਣਿਆਂ ਵਿੱਚ ਚਾਰ ਕੇਸ ਦਰਜ ਨਿਕਲੇ ਹਨ। ਖੁਫੀਆ ਵਿਭਾਗ ਵੱਲੋਂ ਪਰਵਾਨਾ ਬਾਰੇ ਭੇਜੀਆਂ ਰਿਪੋਰਟਾਂ ਸਾਫ ਕਰਦੀਆਂ ਹਨ ਕਿ ਇਸ ਕੇਸ ਵਿੱਚ ਪਰਵਾਨਾ ਨੇ 21 ਅਪ੍ਰੈਲ ਨੂੰ ਪਟਿਆਲੇ ਦੇ ਐਸ ਐਸ ਪੀ ਨੂੰ ਲਿਖਤੀ ਤੌਰ ਉੱਤੇ ਦੱਸਿਆ ਸੀ ਕਿ ਜੇ ਸ਼ਿਵ ਸੈਨਾ ਆਗੂ ਹਰੀਸ਼ ਸਿੰਗਲਾ ਖਾਲਿਸਤਾਨ ਵਿਰੁੱਧ ਕੋਈ ਕਾਰਵਾਈ ਕਰੇਗਾ ਤਾਂ ਉਹ ਉਸ ਦਾ ਵਿਰੋਧ ਕਰਨਗੇ।



ਜਾਣਕਾਰ ਸੂਤਰਾਂ ਅਨੁਸਾਰ ਖੁਫੀਆ ਵਿਭਾਗ ਨੇ ਪੰਜਾਬ ਦੇ ਗ੍ਰਹਿ ਵਿਭਾਗ ਨੂੰ ਇਸ ਬਾਰੇ ਪਹਿਲਾਂ ਦੱਸ ਦਿੱਤਾ ਸੀ। ਖੁਫੀਆ ਰਿਪੋਰਟ ਦੇ ਅਨੁਸਾਰ ਪਰਵਾਨਾ ਖਿਲਾਫ ਥਾਣਾ ਬਨੂੜ, ਥਾਣਾ ਸਦਰ ਪਟਿਆਲਾ, ਥਾਣਾ ਲਾਹੌਰੀ ਗੇਟ ਪਟਿਆਲਾ ਅਤੇ ਥਾਣਾ ਬਲੌਂਗੀ, ਮੋਹਾਲੀ ਵਿੱਚ ਵੱਖ-ਵੱਖ ਧਾਰਾਵਾਂ ਦੇ ਕੇਸ ਦਰਜ ਹਨ। ਸੀ ਆਈ ਡੀ ਦੇ ਇੱਕ ਅਫਸਰ ਨੇ ਦੱਸਿਆ ਕਿ ਉਹ ਵਾਰ-ਵਾਰ ਗ੍ਰਹਿ ਵਿਭਾਗ ਨੂੰ ਸੁਚੇਤ ਕਰਦੇ ਰਹੇ ਸਨ, ਪਰ ਉਨ੍ਹਾਂ ਦੀ ਰਿਪੋਰਟ ਉੱਤੇ ਕਾਰਵਾਈ ਨਹੀਂ ਹੋਈ।

ਇਸ ਦੌਰਾਨ ਅਕਾਲੀ ਦਲ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਬਲਜਿੰਦਰ ਸਿੰਘ ਪਰਵਾਨਾ ਉੱਤੇ ਦਰਜ ਕੀਤਾ ਕੇਸ ਗਲਤ ਹੈ। ਉਨ੍ਹਾਂ ਕਿਹਾ ਕਿ ਪਰਵਾਨਾ ਨੇ ਪਹਿਲ ਨਹੀਂ ਕੀਤੀ, ਉਸ ਨੇ ਪ੍ਰਸ਼ਾਸਨ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ। ਪ੍ਰਸ਼ਾਸਨ ਨੇ ਉਸ ਦੀ ਅਪੀਲ ਉੱਤੇ ਕਾਰਵਾਈ ਨਹੀਂ ਕੀਤੀ ਜਿਸ ਕਾਰਨ ਹਿੰਸਕ ਘਟਨਾ ਵਾਪਰੀ ਹੈ।

## ਗ਼ੈਂਗਸਟਰ ਬਿਸ਼ਨੋਈ ਤੇ ਗੋਲਡੀ ਦੇ ਤਿੰਨ ਨਜ਼ਦੀਕੀ ਸਾਥੀ ਗ੍ਰਿਫ਼ਤਾਰ

### * ਚਾਰ ਪਿਸਤੌਲ ਤੇ ਗੋਲੀ-ਸਿੱਕਾ ਵੀ ਬਰਾਮਦ

ਮਲੋਟ, 2 ਮਈ (ਪੋਸਟ ਬਿਊਰੋ)- ਪੰਜਾਬ ਪੁਲਸ ਦੀ ਐਂਟੀ ਗੈਂਗਸਟਰ ਟਾਸਕ ਫ਼ੋਰਸ (ਏ ਜੀ ਟੀ ਐਫ਼) ਨੇ ਬਠਿੰਡਾ ਦੀ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਕੈਨੇਡਾ ਵਿਚਲੇ ਗੈਂਗਸਟਰ ਗੋਲਡੀ ਬਰਾੜ ਦੇ ਤਿੰਨ ਨਜਦੀਕੀ ਸਾਥੀ ਗ੍ਰਿਫ਼ਤਾਰ ਕੀਤੇ ਹਨ।ਗ੍ਰਿਫ਼ਤਾਰ ਦੋਸ਼ੀਆਂ ਦੀ ਪਛਾਣ ਲਵਪ੍ਰੀਤ ਸਿੰਘ ਉਰਫ਼ ਸਚਿਨ, ਹਿੰਮਤਵੀਰ ਤੇ ਬਲਕਰਨ ਉਰਫ਼ ਵਿੱਕੀ ਵਜੋਂ ਹੋਈ ਹੈ। ਇਨ੍ਹਾਂ ਕੋਲੋਂ ਦੋ .30 ਕੈਲੀਬਰ ਪਿਸਤੌਲ, ਦੋ .32 ਕੈਲੀਬਰ ਦੇ ਪਿਸਤੌਲ ਸਮੇਤ 20 ਕਾਰਤੂਸ ਅਤੇ ਇੱਕ ਚਿੱਟੇ ਰੰਗ ਦੀ ਆਈ-20 ਕਾਰ ਵੀ ਬਰਾਮਦ ਹੋਈ ਹੈ।



ਏ ਜੀ ਟੀ ਐਫ਼ ਦੀ ਟੀਮ ਵੱਲੋਂ ਫੜੇ ਇਹਤਿੰਨ ਜਣੇ ਮਾਲਵਾ ਖੇਤਰ ਦੇ ਇੱਕ ਉਘੇ ਵਪਾਰੀ ਤੋਂ ਪੈਸੇ ਵਸੂਲਣ ਲਈ ਉਸ ਉੱਤੇ ਹਮਲਾ ਕਰਨ ਦੀ ਯੋਜਨਾ ਬਣਾ ਰਹੇ ਸਨ। ਤਿੰਨੇ ਦੋਸ਼ੀ ਅਪਰਾਧਕ ਪਿਛੋਕੜ ਵਾਲੇ ਹਨ। ਸਚਿਨ ਅਤੇ ਹਿੰਮਤਵੀਰ ਪੰਜਾਬ ਦੇ ਗੁਆਂਢੀ ਰਾਜ ਹਰਿਆਣਾ ਤੇ ਦਿੱਲੀ ਵਿੱਚ ਨਸ਼ਾ ਤਸਕਰੀ ਤੇ ਨਾਜਾਇਜ਼ ਹਥਿਆਰਾਂ ਦੀ ਤਸਕਰੀ ਵਿੱਚ ਸ਼ਾਮਲ ਸਨ। ਉਹ ਦੂਜੇ ਰਾਜਾਂ ਤੋਂ ਹਥਿਆਰ ਮੰਗਵਾ ਕੇ ਆਪਣੇ ਗੈਂਗ ਨੂੰ ਪੁਚਾਉਂਦੇ ਸਨ ਅਤੇਭਗੌੜੇ ਗੈਂਗਸਟਰਾਂ ਨੂੰ ਲੁਕਣਗਾਹਾਂ ਦਾ ਪ੍ਰਬੰਧ ਕਰਦੇ ਸਨ।ਪਿਛੇ ਜਿਹੇ ਸਪੈਸ਼ਲ ਸੈਲ ਦਿੱਲੀ ਦੀ ਕਾਊਂਟਰ ਇੰਟੈਲੀਜੈਂਸ ਯੂਨਿਟ ਨੇ ਇੱਕ ਵਾਂਟੇਡ ਗੈਂਗਸਟਰ ਸ਼ਾਹਰੁਖ ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਸ ਨੂੰ ਸਚਿਨ ਤੇ ਉਸ ਦੇ ਸਾਥੀਆਂ ਨੇ ਪੰਜਾਬ ਵਿੱਚ ਲੁਕਣਗਾਹ ਦਿੱਤੀ ਸੀ। ਉਸ ਦੀ ਪੁਛਗਿੱਛ ਤੋਂ ਪੁਲਸ ਇਨ੍ਹਾਂ ਲੋਕਾਂ ਤੱਕ ਪਹੁੰਚੀ ਹੈ।

## ਕਿਲ੍ਹਾ ਆਨੰਦਗੜ੍ਹ ਸਾਹਿਬ ਤੋਂ ਅਸਲਾ ਬਰਾਮਦ, 7 ਜਣੇ ਗ੍ਰਿਫਤਾਰ

ਸ੍ਰੀ ਆਨੰਦਪੁਰ ਸਾਹਿਬ, 2 ਮਈ (ਪੋਸਟ ਬਿਊਰੋ)- ਇੱਥੋਂ ਦੇ ਇਤਿਹਾਸਕ ਕਿਲ੍ਹਾ ਆਨੰਦਗੜ੍ਹ ਸਾਹਿਬ ਤੋਂ ਪੁਲਸ ਨੇ 7ਜਣਿਆਂ ਨੂੰ ਗ੍ਰਿਫਤਾਰ ਕਰ ਕੇ ਕਾਫੀ ਸਾਰਾ ਅਸਲਾ ਬਰਾਮਦ ਕੀਤਾ ਹੈ।

ਜਾਣਕਾਰ ਸੂਤਰਾਂ ਮੁਤਾਬਕ ਕਿਲ੍ਹਾ ਆਨੰਦਗੜ੍ਹ ਸਾਹਿਬ ਦੀ ਸਰਾਂ ਵਿੱਚੋਂ ਛੇ ਵੱਡੇ ਹਥਿਆਰ ਵੀ ਮਿਲੇ ਹਨ, ਜਿਨ੍ਹਾਂ ਵਿੱਚ ਦੋਨਾਲੀ ਬੰਦੂਕਾਂ 12 ਬੋਰ, 30 ਬੋਰ ਅਤੇ 315 ਬੋਰ ਆਦਿ ਸ਼ਾਮਲ ਹਨ।ਥਾਣਾ ਮੁਖੀ ਨੇ ਦਸਿਆ ਕਿ ਇਨ੍ਹਾਂ ਵਿੱਚ ਲਾਇਸੈਂਸੀ ਅਸਲਾ ਵੀ ਹੈ, ਜਿਸ ਦੀ ਪੜਤਾਲ ਕੀਤੀ ਜਾ ਰਹੀ ਹੈ। ਉਨ੍ਹਾਂ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਪੜਤਾਲ ਤੋਂ ਬਾਅਦ ਹੀ ਦੱਸ ਸਕਣਗੇ। ਵਰਨਣ ਯੋਗ ਹੈ ਕਿ ਕਿਲ੍ਹਾ ਆਨੰਦਗੜ੍ਹ ਸਾਹਿਬ ਦੀ ਸਰਾਂ ਦਾ ਪ੍ਰਬੰਧ ਕਾਰ ਸੇਵਾ ਵਾਲੇ ਬਾਬਾ ਸੰਤ ਸੁੱਚਾ ਸਿੰਘ ਦੀ ਸਰਪ੍ਰਸਤੀ ਹੇਠ ਹੈ। ਤਖਤ ਕੇਸਗੜ੍ਹ



ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ ਨੇ ਕਿਹਾ ਕਿ ਕਿਲ੍ਹਾ ਆਨੰਦਗੜ੍ਹ ਸਾਹਿਬ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕਿਲ੍ਹਾ ਆਨੰਦਗੜ੍ਹ ਸਾਹਿਬ ਸਰਾਂ ਦਾ ਪ੍ਰਬੰਧ ਸੰਤ ਸੁੱਚਾ ਸਿੰਘ ਕਾਰ ਸੇਵਾ ਵਾਲਿਆਂ ਕੋਲ ਹੈ।

## ਭਾਰਤ ਸਰਕਾਰ ਨੇ ਚੁੱਪ ਚੁਪੀਤੇ ਪੋਟਾਸ਼ ਖਾਦ ਦੀ ਕੀਮਤ ਵੀ ਵਧਾਈ

### * 50 ਕਿਲੋ ਪੋਟਾਸ਼ ਦਾ ਗੱਟਾ 1100 ਦੀ ਥਾਂ 1700 ਦਾ ਹੋਇਆ

ਚੰਡੀਗੜ੍ਹ, 2 ਮਈ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਫ਼ੈਸਲੇ ਕਾਰਨ ਡੀ ਏ ਪੀ ਖਾਦ ਦੀਆਂ ਕੀਮਤਾਂ ਵਿੱਚ ਵਾਧੇ ਮਗਰੋਂ ਖਾਦ ਕੰਪਨੀਆਂ ਨੇ ਚੁੱਪ ਚੁਪੀਤੇ ਪੋਟਾਸ਼ ਦੀਆਂ ਕੀਮਤਾਂ ਵਿੱਚ ਵੱਡਾ ਵਾਧਾ ਕਰ ਦਿੱਤਾ ਹੈ।






ਮਿਲੀ ਜਾਣਕਾਰੀ ਮੁਤਾਬਕ ਖਾਦ ਕੰਪਨੀਆਂ ਨੇ ਪੋਟਾਸ਼ ਦੇ 50 ਕਿਲੋ ਦੇ ਗੱਟੇ ਵਿੱਚ 600 ਰੁਪਏ ਦਾ ਵਾਧਾ ਕੀਤਾ ਹੈ। ਪਹਿਲਾਂ ਇਹ ਰੇਟ 1100 ਰੁਪਏ ਸੀ, ਜੋ ਵਧਾਂ ਕੇ 1700 ਰੁਪਏ ਪ੍ਰਤੀ ਗੱਟਾ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਡੀ ਏ ਪੀ ਖਾਦ ਦੀ ਕੀਮਤ ਵਿੱਚ ਪਿਛਲੇ ਦਿਨੀਂ 150 ਰੁਪਏ ਵਾਧਾ ਕੀਤਾ ਗਿਆ ਸੀ। ਸਾਉਣੀ ਦੀ ਫ਼ਸਲ ਬੀਜਣ ਵੇਲੇ ਦੇਸ਼ ਵਿੱਚ 9.81 ਲੱਖ ਟਨ ਪੋਟਾਸ਼ ਅਤੇ 58.82 ਲੱਖ ਟਨ ਡੀ ਏ ਪੀ ਦੀ ਖਪਤ ਹੋਣੀ ਹੈ। ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਨੇ ਪੋਟਾਸ਼ ਦੀ ਕੀਮਤ ਵਿੱਚ ਵਾਧੇ ਦਾ ਵਿਰੋਧ ਕਰਦਿਆਂ ਕਿਹਾ ਕਿ ਇਕ ਪਾਸੇ ਕੇਂਦਰ ਸਰਕਾਰ ਸਬਸਿਡੀ ਵਧਾਉਣ ਦੇ ਦਾਅਵੇ ਕਰਦੀ ਹੈ ਅਤੇ ਦੂਜੇ ਪਾਸੇ ਖਾਦਾਂ ਦੇ ਰੇਟ ਵਧਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਬਸਿਡੀ ਵਿੱਚ ਵਾਧਾ ਵੀ ਬਹੁਤ ਘੱਟ ਹੈ ਅਤੇ ਇਸ ਲਈ ਘੱਟੋ ਘੱਟ ਤਿੰਨ ਲੱਖ ਕਰੋੜ ਰੁਪਏ ਦਾ ਬਜਟ ਰਖਿਆ ਜਾਵੇ।

## ਮੋਟਰਸਾਈਕਲ ਅਤੇ ਟਰੱਕ ਨਾਲ ਟੱਕਰ ਕਾਰਨ ਪਤੀ-ਪਤਨੀ ਦੀ ਮੌਤ

ਮੋਗਾ, 2 ਮਈ (ਪੋਸਟ ਬਿਊਰੋ)- ਕੱਲ੍ਹ ਦੁਪਹਿਰੇ ਮੋਟਰਸਾਈਕਲ ਸਵਾਰ ਪਤੀ-ਪਤਨੀ ਦੀ ਟਰੱਕ ਨਾਲ ਟੱਕਰ ਹੋ ਜਾਣ ਉੱਤੇ ਪਤੀ-ਪਤਨੀ ਦੀ ਮੌਤ ਹੋ ਗਈ। ਇਸ ਦਾ ਕਾਰਨ ਨਾੜ ਨੂੰ ਅੱਗ ਲਾਉਣਾ ਦੱਸਿਆ ਗਿਆ ਹੈ। ਮਿਲੀ ਸੂਚਨਾ ਮੁਤਾਬਕ ਅਵਤਾਰ ਸਿੰਘ (34) ਪੁੱਤਰ ਸੁਖਦੇਵ ਸਿੰਘ ਵਾਸੀ ਭਿੰਡਰ ਕਲਾਂ ਜ਼ੀਰਾ ਵਿਖੇ ਆਪਣੀ ਪਤਨੀ ਸਰਬਜੀਤ ਕੌਰ (29) ਨਾਲ ਸਹੁਰੇ ਘਰ ਗਿਆ ਸੀ ਤੇ ਕੱਲ੍ਹ ਜਦੋਂ ਉਹ ਆਪਣੀ ਪਤਨੀ ਨੂੰ ਲੈ ਕੇ ਘਰ ਪਰਤ ਰਿਹਾ ਸੀ ਤਾਂ ਜਦੋਂ ਪਿੰਡ ਮਨਾਵਾਂ ਕੋਲ ਪੁੱਜਿਆ ਤਾਂ ਕਣਕ ਦੇ ਨਾੜ ਨੂੰ ਲਾਈ ਅੱਗ ਦੇ ਉਠੇ ਧੂੰਏਂ ਵਿੱਚ ਉਸ ਨੂੰ ਦਿਖਾਈ ਨਾ ਦਿੱਤਾ ਤੇ ਉਸ ਦਾ ਮੋਟਰਸਾਈਕਲ ਅੱਗੋਂ ਆ ਰਹੇ ਟਰੱਕ ਨਾਲ ਜਾ ਵੱਜਾ। ਇਸ ਨਾਲ ਅਵਤਾਰ ਸਿੰਘ ਦੀ ਮੌਕੇ ਉੱਤੇ ਮੌਤ ਹੋ ਗਈ ਅਤੇ ਉਸਦੀ ਪਤਨੀ ਸਰਬਜੀਤ ਕੌਰ ਦੀ ਸਿਵਲ ਹਸਪਤਾਲ ਮੋਗਾ ਵਿਖੇ ਮੌਤ ਹੋ ਗਈ।


## ਬਜ਼ੁਰਗ ਦਰਜੀ ਦਾ ਕਤਲ ਕਰ ਕੇ ਲਾਸ਼ ਨਾਲੇ ਵਿੱਚ ਸੁੱਟੀ

ਅੰਮ੍ਰਿਤਸਰ, 2 ਮਈ (ਪੋਸਟ ਬਿਊਰੋ)- ਤਰਸਿੱਕਾ ਦੇ ਪਿੰਡ ਸ਼ੇਖ਼ੂਪੁਰਾ ਵਾਸੀ ਹਰਬੰਸ ਸਿੰਘ (62) ਦਾ ਕੱਲ੍ਹ ਦੇਰ ਰਾਤ ਕੁਝ ਵਿਅਕਤੀਆਂ ਵੱਲੋਂ ਕਤਲ ਕਰਕੇ ਲਾਸ਼ ਨੂੰ ਗੰਦੇ ਨਾਲੇ ਵਿੱਚ ਸੁੱਟ ਦਿੱਤਾ। ਉਹ ਸਫਾਈ ਸੇਵਕ ਦੀ ਨੌਕਰੀ ਤੋਂ ਸੇਵਾਮੁਕਤ ਹੋ ਕੇ ਘਰ ਵਿੱਚ ਕੱਪੜੇ ਸਿਲਾਈ ਦਾ ਕੰਮ ਕਰਦੇ ਸੀ। ਪਤਾ ਲੱਗਾ ਹੈ ਕਿ ਕੱਲ੍ਹ ਸ਼ਾਮ ਉਹ ਵੱਡੇ ਭਰਾ ਸਤਨਾਮ ਨਾਲ ਸਿਲਾਈ ਮਸ਼ੀਨ ਖਰੀਦਣ ਗਿਆ ਅਤੇ ਰਾਤ ਦੋਵੇਂ ਘਰ ਨਹੀਂ ਆਏ। ਸਵੇਰੇ ਸਾਰਾ ਪਰਿਵਾਰ ਅਤੇ ਰਿਸ਼ਤੇਦਾਰਾਂ ਨੇ ਆਪਣੇ ਪੱਧਰ ਉੱਤੇ ਦੋਵਾਂ ਦੀ ਭਾਲ ਸ਼ੁਰੂ ਕੀਤੀ, ਪਰ ਕੋਈ ਪਤਾ ਨਹੀਂ ਲੱਗਾ। ਸ਼ਾਮ ਨੂੰ ਪੁਲਸ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਫ਼ੋਨ ਉੱਤੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਦੀ ਲਾਸ਼ ਗੰਦੇ ਨਾਲੇ ਵਿੱਚੋਂ ਮਿਲੀ ਹੈ, ਪਰ ਭਰਾ ਨਹੀਂ ਮਿਲਿਆ। ਪਿਤਾ ਦੇ ਸਰੀਰ ਉੱਤੇ ਸੱਟਾਂ ਦੇ ਨਿਸ਼ਾਨ ਸਨ।

## ਐਨ ਆਰ ਆਈ ਨੂੰ ਕਤਲ ਕਰਨ ਦੇ ਦੋਸ਼ ਵਿੱਚ ਨੌਜਵਾਨ ਤੇ ਉਸ ਦੀ ਪ੍ਰੇਮਿਕਾ ਕਾਬੂ

ਤਰਨ ਤਾਰਨ, 2 ਮਈ (ਪੋਸਟ ਬਿਊਰੋ)- ਐਨ ਆਰ ਆਈ ਜਤਿੰਦਰਪਾਲ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰਨ ਦੇ ਮਾਮਲੇ ਨੂੰ ਇੱਕ ਹਫਤੇ ਬਾਅਦ ਪੁਲਸ ਨੇ ਕੇਸ ਟ੍ਰੇਸ ਕਰ ਲਿਆ ਹੈ। ਇਸ ਕੇਸ ਵਿੱਚ ਦੋਸ਼ੀ ਮਨੀ ਜੋਧਪੁਰੀਆ ਅਤੇ ਉਸ ਦੀ ਪ੍ਰੇਮਿਕਾ ਲਖਵਿੰਦਰ ਕੌਰ ਉਰਫ ਨਿੱਕੀ ਨੂੰ ਪੁਲਸ ਨੇ ਗ੍ਰਿਫਤਾਰ ਕੀਤਾ ਹੈ।

ਵਿਧਾਨ ਸਭਾ ਹਲਕਾ ਪੱਟੀ ਦੇ ਪਿੰਡ ਸੋਹਾਵਾ ਦਾ ਜਤਿੰਦਰਪਾਲ ਸਿੰਘ ਚਾਰ ਸਾਲ ਪਹਿਲਾਂ ਕੈਨੇਡਾ ਗਿਆ ਸੀ। ਉਥੋਂ ਪੀ ਆਰ ਮਿਲਣ ਪਿੱਛੋਂ ਜਤਿੰਦਰਪਾਲ 16 ਅਪ੍ਰੈਲ ਨੂੰ ਪਿੰਡ ਆਇਆ ਸੀ। ਪਰਵਾਰ ਵਾਲੇ ਉਸ ਦੇ ਵਿਆਹ ਲਈ ਲੜਕੀ ਦੇਖ ਰਹੇ ਸਨ।




23 ਅਪ੍ਰੈਲ ਦੀ ਸ਼ਾਮ ਜਤਿੰਦਰਪਾਲ ਸਿੰਘ ਆਪਣੇ ਤਿੰਨ ਦੋਸਤਾਂ ਨਾਲ ਸਕਾਰਪੀਓ ਵਿੱਚ ਤਰਨ ਤਾਰਨ ਗਿਆ ਤਾਂ ਰਾਤ ਦਾ ਖਾਣਾ ਖਾਣ ਪਿੱਛੋਂ ਬਾਈਕ ਸਵਾਰ ਦੋ ਨੌਜਵਾਨਾਂ ਨੇ ਸਕਾਰਪੀਓ ਉੱਤੇ ਗੋਲੀਆਂ ਚਲਾਈਆਂ। ਇਸ ਨਾਲ ਜਤਿੰਦਰਪਾਲ ਦੀ ਮੌਤ ਹੋ ਗਈ ਸੀ। ਪੁਲਸ ਨੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਦੁਬਈ ਤੋਂ ਇੱਕ ਵਾਟਸਐਪ ਕਾਲ ਜਤਿੰਦਰਪਾਲ ਦੇ ਮੋਬਾਈਲ ਉੱਤੇ ਆਈ ਸੀ। ਇਸ ਨੰਬਰ ਨੂੰ ਪੁਲਸ ਨੇ ਟ੍ਰੇਸ ਕੀਤਾ ਤਾਂ ਤਾਰ ਮਨੀ ਜੋਧਪੁਰੀਆ ਦੇ ਨਾਲ ਜਾ ਜੁੜੇ। ਤਰਨ ਤਾਰਨ ਨਾਲ ਲੱਗਦੇ ਪਿੰਡ ਜੋਧਪੁਰ ਵਿੱਚ ਨਾਨਕੇ ਘਰ ਰਹਿੰਦੇ ਮਨੀ ਜੋਧਪੁਰੀਆ ਨੇ ਪਿੰਡ ਦਦੇਹਰ ਸਾਹਿਬ ਦੀ ਲਖਵਿੰਦਰ ਕੌਰ ਨਿੱਕੀ ਨਾਲ ਮਿਲ ਕੇ ਕਤਲ ਦੀ ਸਾਜ਼ਿਸ ਰਚੀ ਸੀ। ਪੁਲਸ ਦੇ ਹੱਥ ਸੀ ਸੀ ਟੀ ਵੀ ਕੈਮਰੇ ਦੀ ਇੱਕ ਫੁਟੇਜ ਵੀ ਲੱਗੀ ਸੀ ਜਿਸ ਵਿੱਚ ਬਾਈਕ ਸਵਾਰ ਦੋ ਨੌਜਵਾਨ ਸਕਾਰਪੀਓ ਉੱਤੇ ਗੋਲੀਆਂ ਚਲਾ ਰਹੇ ਸਨ।

## ਪੈਸਿਆਂ ਲਈ ਨੌਜਵਾਨ ਲਾਸ਼ ਟੋਟੇ-ਟੋਟੇ ਕਰ ਕੇ ਗੰਦੇ ਨਾਲੇ ਵਿੱਚ ਸੁੱਟੀ

ਲੁਧਿਆਣਾ, 2 ਮਈ (ਪੋਸਟ ਬਿਊਰੋ)- ਜਲਾਲਾਬਾਦ ਤੋਂ ਲੁਧਿਆਣੇ ਖਰੀਦਦਾਰੀ ਕਰਨ ਆਏ ਨੌਜਵਾਨ ਦਾ ਬੇਦਰਦੀ ਨਾਲ ਕਤਲ ਕਰ ਕੇ ਉਸ ਦੀ ਲਾਸ਼ ਟੋਟੇ-ਟੋਟੇ ਕਰ ਕੇ ਗੰਦੇ ਨਾਲੇ ਵਿੱਚ ਸੁੱਟ ਦਿੱਤੀ ਅਤੇ ਮ੍ਰਿਤਕ ਦੇ ਪਰਵਾਰ ਅਤੇ ਪੁਲਸ ਨੂੰ ਗੁੰਮਰਾਹ ਕਰਨ ਲਈ ਝੂਠੀ ਸ਼ਿਕਾਇਤ ਦਰਜ ਕਰਵਾ ਕੇ ਦੋਸ਼ੀ ਫਰਾਰ ਹੋ ਗਿਆ।

ਇਸ ਬਾਰੇ ਮੁਹੰਮਦ ਮਹਿਬੂਬ ਨੇ ਦੱਸਿਆ ਕਿ ਉਹ ਜਲਾਲਾਬਾਦ ਦਾ ਵਸਨੀਕ ਹੈ। ਉਸ ਦਾ ਛੋਟਾ ਭਰਾ ਇਸਲਾਮ (30), ਜੋ ਵਿਆਹਿਆ ਹੋਇਆ ਸੀ ਅਤੇ ਉਸਦੇ ਦੋ ਬੱਚੇ ਹਨ, ਉਹ 18 ਅਪ੍ਰੈਲ ਨੂੰ ਲੁਧਿਆਣੇ ਖਰੀਦਾਰੀ ਕਰਨ ਲਈ ਆਇਆ ਸੀ, ਪਰ ਉਸ ਤੋਂ ਬਾਅਦ ਤੋਂ ਘਰ ਨਹੀਂ ਮੁੜਿਆ। ਉਨ੍ਹਾਂ ਨੂੰ ਪਤਾ ਲੱਗਾ ਕਿ ਉਹ ਕੱਲ੍ਹ ਰਾਤ ਟਿੱਬਾ ਦੇ ਇਲਾਕੇ ਗੁਰੂ ਨਾਨਕ ਨਗਰ ਦੀ ਗਲੀ ਨੰਬਰ 1 ਵਿੱਚ ਰਹਿੰਦੇ ਆਪਣੇ ਕਿਸੇ ਜਾਣਕਾਰ ਦੇ ਘਰ ਰੁਕਿਆ ਸੀ, ਜਿੱਥੋਂ ਸਵੇਰੇ ਨਿਕਲ ਗਿਆ ਸੀ। ਉਸ ਪਿੱਛੋਂ ਉਸ ਦਾ ਮੋਬ-ਾਇਲ ਬੰਦ ਆ ਰਿਹਾ ਸੀ। ਮਹਿਬੂਬ ਦਾ ਕਹਿਣਾ ਹੈ ਕਿ ਜਿਸ ਦੇ ਘਰ ਉਸ ਦਾ ਭਰਾ ਠਹਿਰਿਆ ਸੀ, ਉਸ ਉੱਤੇ ਉਨ੍ਹਾਂ ਨੂੰ ਸ਼ੱਕ ਹੋ ਗਿਆ, ਜੋ ਉਸੇ ਦਿਨ ਤੋਂ ਘਰ ਛੱਡ ਕੇ ਚਲਾ ਗਿਆ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਪਤਾ ਲੱਗਾ ਕਿ ਉਕਤ ਦੋਸ਼ੀ ਪਾਣੀਪਤ ਵਿੱਚ ਹੈ। ਉਨ੍ਹਾਂ ਨੇ ਉਥੇ ਪੁੱਜ ਕੇ ਉਸ ਨੂੰ ਦਬੋਚ ਲਿਆ।ਜਦੋਂ ਉਸ ਤੋਂ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਉਸ ਨੇ 25 ਹਜ਼ਾਰ ਰੁਪਏ ਖੋਹਣ ਲਈ ਉਸ ਦੇ ਭਰਾ ਦਾ ਕਤਲ ਕਰ ਦਿੱਤਾ। ਉਸ ਨੂੰ ਪਹਿਲਾਂ ਕੁਝ ਖੁਆ ਕੇ ਬੇਹੋਸ਼ ਕਰ ਦਿੱਤਾ ਅਤੇ ਫਿਰ ਆਰੀ ਨਾਲ ਉਸ ਦਾ ਗਲਾ ਵੱਢ ਦਿੱਤਾ। ਉਸ ਦੀ ਲਾਸ਼ ਨੂੰ ਟਿਕਾਣੇ ਲਾਉਣ ਲਈ ਉਸ ਨੇ ਲਾਸ਼ ਦੇ ਟੋਟੇ-ਟੋਟੇ ਕਰ ਕੇ ਬੋਰੇ ਵਿੱਚ ਪਾ ਕੇ ਰੇਹੜੀ ਉੱਤੇ ਲਿਜਾ ਕੇ ਗੰਦੇ ਨਾਲੇ ਵਿੱਚ ਸੁੱਟ ਦਿੱਤੀ। ਅਜੇ ਤਕ ਲਾਸ਼ ਨਹੀਂ ਮਿਲੀ।

## ਪਿੰਡ ਦੇ ਮੁੰਡੇ ਨਾਲ ਵਿਆਹ ਪਿਛੋਂ ਲੜਕੀ ਪਰਿਵਾਰ ਵੱਲੋਂ ਜੋੜਾ ਅਗਵਾ

ਜਗਰਾਓਂ, 2 ਮਈ (ਪੋਸਟ ਬਿਊਰੋ)- ਮਾਤਾ-ਪਿਤਾ ਦੀ ਮਰਜ਼ੀ ਬਗੈਰ ਪਿੰਡ ਦੇ ਲੜਕੇ ਨਾਲ ਵਿਆਹ ਕਰਨ ਤੋਂ ਨਾਰਾਜ਼ ਲੜਕੀ ਦੇ ਪਰਵਾਰ ਨੇ ਦੋਵਾਂ ਨੂੰ ਅਗਵਾ ਕਰ ਕੇ ਉਨ੍ਹਾਂ ਨਾਲ ਮਾਰਕੁੱਟ ਕੀਤੀ ਹੈ। ਪੁਲਸ ਨੇ 11 ਲੋਕਾਂ ਦੇ ਖਿਲਾਫ ਕੇਸ ਦਰਜ ਕਰ ਕੇ ਨਵ-ਵਿਆਹੇ ਜੋੜੇ ਨੂੰ ਬਰਾਮਦ ਕਰ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਜਗਰਾਜ ਸਿੰਘ ਵਾਸੀ ਬਿਸਨਪੁਰਾ ਥਾਣਾ ਦੋਰਾਹਾ ਤੇ ਉਸੇ ਪਿੰਡ ਦੀ ਅਮਨਜੋਤ ਕੌਰ ਨੇ ਪੰਜ ਅਪ੍ਰੈਲ ਨੂੰ ਕੋਰਟ ਮੈਰਿਜ ਕਰ ਲਈ ਸੀ। ਇਸ ਤੋਂ ਲੜਕੀ ਦਾ ਪਰਵਾਰ ਨਾਰਾਜ਼ ਸੀ। ਜਗਰਾਜ ਆਪਣੀ ਪਤਨੀ ਅਮਨਜੋਤ ਨੂੰ ਲੈ ਕੇ ਆਪਣੀ ਭੈਣ ਅਰਸ਼ਦੀਪ ਕੌਰ ਪਤਨੀ ਸੰਦੀਪ ਸਿੰਘ ਪਿੰਡ ਰਾਮਗੜ੍ਹ ਸਿਵੀਆ ਕੋਲ ਗਿਆ ਸੀ। ਉਥੇ ਤੀਹ ਅਪ੍ਰੈਲ ਨੂੰ ਭਗਵਾਨ ਸਿੰਘ (ਸਾਬਕਾ ਫੌਜੀ) ਲੜਕੀ ਦਾ ਪਿਤਾ, ਲੜਕੀ ਦੀ ਮਾਂ ਪਰਮਜੀਤ ਕੌਰ, ਜਰਨੈਲ ਸਿੰਘ ਮਕਸੂਦੜਾ, ਅਮਰਜੀਤ ਸਿੰਘ ਧੂਰੀ ਅਤੇ ਅੱਠ-ਦਸ ਅਣਪਛਾਤੇ ਵਿਅਕਤੀ ਇਨੋਵਾ ਗੱਡੀ ਲੈ ਕੇ ਗਏ ਅਤੇ ਉਨ੍ਹਾਂ ਨੇ ਜਗਰਾਜ ਤੇ ਅਮਨਜੋਤ ਨੂੰ ਜ਼ਬਰਦਸਤੀ ਗੱਡੀ ਵਿੱਚ ਬਿਠਾ ਲਿਆ ਤੇ ਅਗਵਾ ਕਰ ਕੇ ਆਪਣੇ ਪਿੰਡ ਬਿਸਨਪੁਰੇ ਲੈ ਗਏ ਅਤੇ ਉਥੇ ਦੋਵਾਂ ਨਾਲ ਮਾਰਕੁੱਟ ਕੀਤੀ। ਪੁਲਸ ਨੇ ਮੌਕੇ ਉੱਤੇਜਾ ਕੇ ਦੋਵਾਂ ਨੂੰ ਅਗਵਾਕਾਰਾਂ ਤੋਂ ਛੁਡਵਾਇਆ। ਜੁਗਰਾਜ ਸਿੰਘ ਨੂੰ ਪਾਇਲ ਹਸਪਤਾਲ ਵਿੱਚ ਦਾਖਲ ਕਰਵਾਇਆ ਅਤੇ ਲੜਕੀ ਨੂੰ ਦੋਰਾਹਾ ਪੁਲਸ ਨਾਲ ਲੈ ਗਈ।ਪੁਲਸ ਟੀਮ ਨੇ ਪਾਇਲ ਤੋਂ ਲੜਕੀ ਦੇ ਪਿਤਾ, ਇਨੋਵਾ ਦਾ ਡਰਾਈਵਰ ਅਤੇ ਲੜਕੀ ਦੇ ਪਿਤਾ ਦਾ ਦੋਸਤ ਗ੍ਰਿਫਤਾਰ ਕਰ ਲਿਆ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜ਼ਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## ਭਾਜਪਾ ਦੇ ਕੌਮੀ ਦਫ਼ਤਰ 'ਤੇ ਬੁਲਡੋਜ਼ਰ ਚਲਵਾ ਦਿਓ, ਦੇਸ਼ ਵਿੱਚ ਦੰਗੇ ਰੁਕ ਜਾਣਗੇ: ਮਿਸ਼ਰਾ



ਸ੍ਰੀਗੰਗਾਨਗਰ, 2 ਮਈ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਰਾਜਸਥਾਨ ਦੇ ਇੰਚਾਰਜ ਅਤੇ ਦਿੱਲੀਸ਼ਹਿਰ ਦੇ ਦੁਆਰਕਾ ਹਲਕੇ ਤੋਂ ਵਿਧਾਇਕ ਵਿਨੇ ਮਿਸ਼ਰਾ ਨੇ ਕਿਹਾ ਹੈ ਕਿ ਦਿੱਲੀ ਵਿੱਚ ਭਾਜਪਾ ਦੇ ਕੌਮੀ ਦਫ਼ਤਰ ਉੱਤੇ ਬੁਲਡੋਜ਼ਰ ਚਲਵਾ ਦਿਓ, ਪੂਰੇ ਦੇਸ਼ ਵਿੱਚ ਦੰਗੇ ਆਪਣੇ ਆਪ ਬੰਦ ਹੋ ਜਾਣਗੇ।

ਵਿਨੇ ਮਿਸ਼ਰਾ ਨੇ ਕਿਹਾ ਕਿ ਦੰਗਿਆਂ ਦੀ ਦੇਸ਼ ਵਿੱਚ ਸਿਆਸਤ ਭਾਜਪਾ ਦੇ ਕੌਮੀ ਦਫ਼ਤਰ ਤੋਂ ਹੀ ਸ਼ੁਰੂ ਹੁੰਦੀ ਹੈ। ਭਾਜਪਾ ਨੂੰ ਦੰਗਿਆਂ ਅਤੇ ਧਰਮ ਦੀ ਸਿਆ-ਸਤ ਤੋਂ ਇਲਾਵਾ ਕੁਝ ਨਹੀਂ ਆਉਂਦਾ।ਦੇਸ਼ ਦੀ ਪਾਰਲੀਮੈਂਟ ਦੇ ਟੇਬਲ ਉੱਤੇ ਵੀ ਇਹ ਗੱਲ ਰੱਖੀ ਜਾ ਚੁੱਕੀ ਹੈ ਕਿ ਭਾਜਪਾ ਰਾਜ ਵਿੱਚ ਦੇਸ਼ ਵਿੱਚ 3400 ਛੋਟੇ-ਵੱਡੇ ਦੰਗੇ ਹੋਏ ਹਨ। ਭਾਜਪਾ ਦੇਸ਼ ਵਿੱਚ ਜਿੱਥੇ ਵੀ ਸੱਤਾ ਵਿੱਚ ਆਉਂਦੀ ਹੈ ਜਾਂ ਜਿੱਥੇ ਵੀ ਇਸਦੇ ਵੱਡੇ ਆਗੂ ਜਾਂਦੇ ਹਨ, ਉਥੇ ਦੰਗਿਆਂ ਦੀ ਸਿਆਸਤ ਸ਼ੁਰੂ ਹੋ ਜਾਂਦੀ ਹੈ।ਪੰਜਾਬ ਦੇ ਪਟਿਆਲਾ ਵਿੱਚ ਹੋਈ ਹਿੰਸਾ ਬਾਰੇ ਮਿਸ਼ਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਉੱਤੇ ਤੁਰੰਤ ਸਖ਼ਤ ਕਾਰਵਾਈ ਕੀਤੀ। ਜਿਹੜੇ ਵਿਅਕਤੀ ਇਸ ਲਈ ਜ਼ਿੰਮੇਵਾਰ ਪਾਏ ਗਏ, ਉਨ੍ਹਾਂ ਨੂੰ ਹਟਾ ਦਿੱਤਾ ਗਿਆ।ਜਾਂਚ ਦੌਰਾਨ ਸਪੱਸ਼ਟ ਹੋ ਜਾਏਗਾ ਕਿ ਇਸ ਪਿੱਛੇ ਕਿਹੜੇ ਵਿਅਕਤੀ ਸਨ ਤੇ ਉਨ੍ਹਾਂ ਨੇ ਕੀ ਸਾਜ਼ਿਸ਼ ਰਚੀ ਸੀ।

## ਪਾਕਿ ਨੂੰ ਸਾਊਦੀ ਅਰਬ ਤੋਂ ਅੱਠ ਅਰਬ ਡਾਲਰ ਦਾ ਵਿੱਤੀ ਪੈਕੇਜ

ਲਾਹੌਰ, 2 ਮਈ (ਪੋਸਟ ਬਿਊਰੋ)- ਨਕਦੀ ਦੀ ਕਿੱਲਤ ਕਾਰਨ ਫਸੇ ਹੋਏ ਪਾਕਿਸਤਾਨ ਨੂੰ ਲੱਗਭਗ ਅੱਠ ਅਰਬ ਡਾਲਰ ਦਾ ਵੱਡਾ ਪੈਕੇਜ ਦੇਣ ਲਈ ਸਾਊਦੀ ਅਰਬ ਤਿਆਰ ਹੋ ਗਿਆ ਹੈ। ਇਸ ਨਾਲ ਪਾਕਿ ਦੇ ਘਟਦੇ ਵਿਦੇਸ਼ੀ ਕਰੰਸੀ ਭੰਡਾਰ ਅਤੇ ਸੰਕਟ ਵਿੱਚ ਘਿਰੀ ਅਰਥਵਿਵਸਥਾ ਵਿੱਚ ਸੁਧਾਰ ਕਰਨ ਵਿੱਚ ਮਦਦ ਮਿਲੇਗੀ।



ਦੱਸਿਆ ਜਾ ਰਿਹਾ ਹੈ ਕਿ ਉਚ ਮਹਿੰਗਾਈ ਦਰ, ਘਟਦੇ ਵਿਦੇਸ਼ੀ ਕਰੰਸੀ ਭੰਡਾਰ, ਲਗਾਤਾਰ ਵਧਦੇ ਚਾਲੂ ਖਾਤੇ ਦੇ ਘਾਟੇ ਅਤੇ ਕਰੰਸੀ ਦੇ ਕਮਜ਼ੋਰ ਹੋਣ ਕਾਰਨ ਪਾਕਿ-ਸਤਾਨ ਆਰਥਿਕ ਚੁਣੌਤੀਆਂ ਵਿੱਚ ਘਿਰ ਗਿਆ ਹੈ। ਉਕਤ ਸਮਝੌਤਾ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੇ ਸਾਊਦੀ ਅਰਬ ਦੌਰੇ ਦੌਰਾਨ ਹੋਇਆ ਸੀ, ਜਿਸ ਵਿੱਚ ਤੇਲ ਲਈ ਫੰਡਿੰਗ, ਡਿਪਾਜ਼ਿਟ ਰਾਹੀਂ ਵਾਧੂ ਫੰਡਿੰਗ ਅਤੇ 4.2 ਅਰਬ ਡਾਲਰ ਦੀਆਂ ਮੌਜੂਦਾ ਸਹੂਲਤਾਂ ਦਾ ਵਾਧਾ ਸ਼ਾਮਲ ਹੈ। ਪਤਾ ਲੱਗਾ ਹੈ ਕਿ ਪਾਕਿਸਤਾਨ ਨੇ ਤੇਲ ਲਈ ਫੰਡਿੰਗ 1.2 ਅਰਬ ਤੋਂ ਵਧਾ ਕੇ 2.4 ਅਰਬ ਕਰਨ ਦੀ ਮੰਗ ਕੀਤੀ ਸੀ, ਜਿਸ ਨੂੰ ਸਾਊਦੀ ਅਰਬ ਨੇ ਮੰਨ ਲਿਆ। ਇਹ ਵੀ ਜਾਣਕਾਰੀ ਮਿਲੀ ਹੈ ਕਿ ਤਕਨੀਕੀ ਵੇਰਵਿਆਂ ਉੱਤੇ ਕੰਮ ਕੀਤਾ ਜਾ ਰਿਹਾ ਹੈ ਅਤੇ ਦਸਤਾਵੇਜ਼ ਤਿਆਰ ਕਰਨ ਅਤੇ ਦਸਖ਼ਤ ਕਰਨ ਲਈ ਕੁਝ ਹਫ਼ਤੇ ਲੱਗਣਗੇ। ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਅਤੇ ਉਨ੍ਹਾਂ ਦੀ ਅਧਿਕਾਰਤ ਟੀਮ ਸਾਊਦੀ ਅਰਬ ਤੋਂ ਰਵਾਨਾ ਹੋ ਗਈ ਹੈ, ਪਰ ਵਿੱਤ ਮੰਤਰੀ ਮਿਫਤਾ ਇਸਮਾਈਲ ਵਧੇ ਹੋਏ ਵਿੱਤੀ ਪੈਕੇਜ ਲਈ ਰੂਪ-ਰੇਖਾ ਨੂੰ ਅੰਤਿਮ ਰੂਪ ਦੇਣ ਵਾਸਤੇ ਅਜੇ ਵੀ ਉਥੇ ਹੀ ਰੁਕੇ ਹੋਏ ਹਨ।

## ਯੈਸ ਬੈਂਕ ਅਤੇ ਡੀ ਐਚ ਐਫ ਐਲ ਭ੍ਰਿਸ਼ਟਾਚਾਰ ਕੇਸ ਵਿੱਚ ਇਤਰਾਜ਼ਯੋਗ ਦਸਤਾਵੇਜ਼ ਮਿਲੇ



ਨਵੀਂ ਦਿੱਲੀ, 2 ਮਈ (ਪੋਸਟ ਬਿਊਰੋ)- ਯੈਸ ਬੈਂਕ ਅਤੇ ਦੀਵਾਨ ਹਾਊਸਿੰਗ ਫਾਇਨੈਂਸ ਕਾਰਪੋਰੇਸ਼ਨ ਲਿਮਟਿਡ (ਡੀ ਐਚ ਐਫ ਐਲ) ਵਿਰੁੱਧ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਛਾਪੇ ਦੌਰਾਨ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੂੰ ਇਤਰਾਜ਼ਯੋਗ ਦਸਤਾਵੇਜ਼ ਮਿਲੇ ਹਨ। ਸੀ ਬੀ ਆਈ ਨੇ ਕੱਲ੍ਹ ਮੁੰਬਈ ਤੇ ਪੁਣੇ ਵਿੱਚ ਅਸ਼ਵਨੀ ਭੋਂਸਲੇ, ਵਿਨੋਦ ਗੋਇਨਕਾ, ਸ਼ਾਹਿਦ ਬਲਵਾ ਸਮੇਤ ਵੱਡੇ ਬਿਲਡਰਾਂ ਦੇ ਟਿਕਾਣਿਆਂ ਉੱਤੇ ਛਾਪੇਮਾਰੇ ਸਨ ਸੀ। ਇਸ ਤੋਂ ਤਿੰਨ ਦਿਨ ਪਹਿਲਾਂ ਸੀ ਬੀ ਆਈ ਨੇ ਧੋਖਾਧੜੀ ਦੇ ਇੱਕ ਮਾਮਲੇ ਵਿੱਚ ਰੇਡੀਅਸ ਡਿਵੈਲਪਰ ਦੇ ਮੈਨੇਜਿੰਗ ਡਾਇਰੈਕਟਰ ਸੰਜੇ ਛਾਬੜੀਆ ਨੂੰ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ ਤੋਂ ਪੁੱਛਗਿੱਛ ਤੋਂ ਬਾਅਦ ਇਹ ਕਾਰਵਾਈ ਹੋਈ ਹੈ।

ਰੇਡੀਅਸ ਡਿਵੈਲਪਰ ਨੇ ਮੁੰਬਈ ਵਿੱਚ ਇੱਕ ਪ੍ਰੋਜੈਕਟ ਦੇ ਵਿੱਤੀ ਮੰਦਵ ਦੇ ਬਹਾਨੇ ਡੀ ਐਚ ਐਫ ਐਲ ਤੋਂ ਕਰਜ਼ਾ ਲਿਆ ਸੀ। ਭੋਂਸਲੇ, ਗੋਇਨਕਾ ਅਤੇ ਬਲਵਾ ਨੇ ਕਰਜ਼ੇ ਦਾ ਪੈਸਾ ਡਾਇਵਰਟ ਕਰਨ ਵਿੱਚ ਆਪਣੀਆਂ ਫਰਮਾਂ ਦੀ ਵਰਤੋਂ ਕੀਤੀ ਸੀ, ਇਸ ਲਈ ਉਨ੍ਹਾਂ ਦੇ ਕੰਪਲੈਕਸਾਂ ਉੱਤੇ ਵੀ ਛਾਪੇਮਾਰੀ ਕੀਤੀ ਗਈ ਹੈ। ਸੂਤਰਾਂ ਨੇ ਦੱਸਿਆ ਕਿ ਸੀ ਬੀ ਆਈ ਦੇ ਛਾਪੇ ਦੌਰਾਨ ਕੁਝ ਇਤਰਾਜ਼ਯੋਗ ਦਸਤਾਵੇਜ਼ ਤੇ ਡਿਜੀਟਲ ਸਬੂਤ ਵੀ ਮਿਲੇ ਹਨ। ਇਸ ਮਾਮਲੇ ਵਿੱਚ ਕੁਝ ਲੋਕਾਂ ਤੋਂ ਪੁੱਛਗਿੱਛ ਕੀਤੀ ਹੈ ਅਤੇ ਹੋਰ ਗ੍ਰਿਫਤਾਰੀਆਂ ਹੋ ਸਕਦੀਆਂ ਹਨ। ਸੀ ਬੀ ਆਈ ਨੇ 2020 ਵਿੱਚ ਰਾਣਾ ਕਪੂਰ, ਡੀ ਐਚ ਐਫ ਐਲ ਦੇ ਕਪਿਲ ਵਧਾਵਨ ਅਤੇ ਹੋਰਨਾਂ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਸੀ। ਏਜੰਸੀ ਨੇ ਦੋਸ਼ ਲਾਇਆ ਹੈ ਕਿ ਕਪੂਰ ਨੇ ਡੀ ਐਚ ਐਫ ਐਲ ਨੂੰ ਸਹਾਇਤਾ ਦੇਣ ਲਈ ਵਧਾਵਨ ਨਾਲ ਮਿਲ ਕੇ ਅਪਰਾਧਕ ਸਾਜ਼ਿਸ਼ ਰਚੀ ਹੈ।

## ਗੁਜਰਾਤ ਵਿੱਚ ਕੇਜਰੀਵਾਲ ਨੇ ਬੀ ਟੀ ਪੀ ਨਾਲ ਸਾਂਝ ਪਾਈ




ਭਰੂਚ, 2 ਮਈ (ਪੋਸਟ ਬਿਊਰੋ)- ਇਸ ਸਾਲ ਦੇ ਅਖੀਰ ਵਿੱਚ ਹੋਣ ਵਾਲੀਆਂ ਗੁਜਰਾਤ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਹ ਸੂਬੇ ਦੇ ਆਦਿਵਾਸੀਆਂ ਨਾਲ ਖੜ੍ਹੇ ਹਨ। ਰਾਜ ਵਿੱਚ ਬਦਲਾਅ ਲਿਆਉਣ ਤੇ ਗਰੀਬਾਂ ਦੇ ਜੀਵਨ ਵਿੱਚ ਸੁਧਾਰ ਲਿਆਉਣ ਲਈ ਭਾਰਤੀ ਟਰਾਈਬਲ ਪਾਰਟੀ (ਬੀ ਟੀ ਪੀ) ਦੇ ਮੋਢੀ ਛੋਟੂ ਵਸਾਵਾ ਦੇ ਨਾਲ ਕੰਮ ਕਰ ਕੇ ਖ਼ੁਸ਼ ਹਨ।

ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਗੁਜਰਾਤ ਵਿੱਚ ਆਪਣੀ ਪਹਿਲੀ ਰੈਲੀ ਵਿੱਚ ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਕਿ ਸੱਤਾਧਾਰੀ ਭਾਜਪਾ ਅਤੇ ਵਿਰੋਧੀ ਧਿਰ ਕਾਂਗਰਸ ਅਮੀਰਾਂ ਨਾਲ ਖੜ੍ਹੀਆਂ ਹਨ, ਪਰ ਛੋਟੂ ਗਰੀਬ ਲੋਕਾਂ ਨਾਲ ਹਨ। ਉਨ੍ਹਾਂ ਭਰੂਚ ਦੇ ਚੰਦੇਰੀਆ ਪਿੰਡ ਵਿੱਚ ਬੀ ਟੀ ਪੀ ਨਾਲ ਮਿਲ ਕੇ ਕਰਵਾਏ 'ਆਦਿਵਾਸੀ ਸੰਕਲਪ ਮਹਾਂਸੰਮੇਲਨ' ਵਿੱਚ ਕਿਹਾ, ''ਸੋਚਣ ਵਾਲੀ ਗੱਲ ਹੈ ਕਿ ਸਾਡੇ ਦੇਸ਼ ਦੇ ਦੋ ਸਭ ਤੋਂ ਅਮੀਰ ਵਿਅਕਤੀ ਗੁਜਰਾਤ ਤੋਂ ਹਨ, ਦੇਸ਼ ਦੇ ਸਭ ਤੋਂ ਗਰੀਬ ਆਦਿਵਾਸੀ ਵੀ ਗੁਜਰਾਤ ਤੋਂ ਹਨ।'' ਕੇਜਰੀਵਾਲ ਨੇ ਆਦਿਵਾਸੀਆਂ ਨੂੰ ਕਿਹਾ ਕਿ ਸਾਨੂੰ ਮੌਕਾ ਦਿਓ, ਅਸੀਂ ਗਰੀਬੀ ਦੂਰ ਕਰ ਦੇਵਾਂਗੇ, ਬੱਚਿਆਂ ਨੂੰ ਸਿੱਖਿਆ ਦੇਵਾਂਗੇ ਤੇ ਹਸਪਤਾਲ ਬਣਾਵਾਂਗੇ ਅਤੇ ਰੁਜ਼ਗਾਰ ਦਾ ਪ੍ਰਬੰਧ ਵੀ ਕਰਾਂਗੇ।

## ਸਾਊਦੀ ਅਰਬ ਵਿੱਚ ਸ਼ਾਹਬਾਜ਼ ਵਿਰੁੱਧ ਨਾਅਰੇਬਾਜ਼ੀ: ਇਮਰਾਨ ਖਾਨ ਦੇ ਸਾਥੀਆਂ ਵਿਰੁੱਧ ਕੇਸ ਦਰਜ

ਲਾਹੌਰ, 2 ਮਈ (ਪੋਸਟ ਬਿਊਰੋ)- ਪਾਕਿਸਤਾਨ ਦੇ ਪੰਜਾਬ ਦੀ ਪੁਲਸ ਨੇ ਸਾਊਦੀ ਅਰਬ ਦੀ ਮਸਜਿਦ-ਏ-ਨਵਾਬੀ ਵਿਖੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਅਤੇ ਉਨ੍ਹਾਂ ਦਾ ਵਫ਼ਦ ਵਿਰੁੱਧ ਨਾਅਰੇਬਾਜ਼ੀ ਕਰਨ ਦੇ ਦੋਸ਼ ਵਿੱਚ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ 150 ਹੋਰ ਲੋਕਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ।



ਅਧਿਕਾਰੀਆਂ ਨੇ ਦੱਸਿਆ ਕਿ ਇਮਰਾਨ ਖਾਨ ਦੀ ਕੈਬਨਿਟ ਵਿੱਚ ਸ਼ਾਮਲ ਰਹੇ ਕੁਝ ਲੋਕ ਇਸ ਨਾਅਰੇਬਾਜ਼ੀ ਦੇ ਕੰਮ ਵਿੱਚ ਵੀ ਸ਼ਾਮਲ ਸਨ। ਸੋਸ਼ਲ ਮੀਡੀਆ ਉੱਤੇ ਫੈਲੀਆਂ ਵੀਡੀਓਜ਼ ਵਿੱਚ ਦਿੱਸਦਾ ਹੈ ਕਿ ਜਦੋਂ ਸ਼ਾਹਬਾਜ਼ ਸ਼ਰੀਫ ਅਤੇ ਉਨ੍ਹਾਂ ਦਾ ਵਫ਼ਦ ਬੀਤੇ ਵੀਰਵਾਰ ਮਦੀਨਾ ਦੀ ਪੈਗੰਬਰ ਮਸਜਿਦ ਵਿੱਚ ਪਹੁੰਚਿਆ ਤਾਂ ਕੁਝ ਸ਼ਰਧਾਲੂਆਂ ਨੇ ਉਨ੍ਹਾਂ ਨੂੰ'ਚੋਰ' ਅਤੇ 'ਗ਼ਦਾਰ' ਕਹਿ ਕੇ ਉਨ੍ਹਾਂ ਵਿਰੁੱਧ ਨਾਅਰੇਬਾਜ਼ੀ ਕਰ ਦਿੱਤੀ। ਸਾਬਕਾ ਮੰਤਰੀ ਫਵਾਦ ਚੌਧਰੀ ਤੇ ਸ਼ੇਖ਼ ਰਾਸ਼ਿਦ, ਇਮਰਾਨ ਖਾਨ ਦੇ ਸਾਬਕਾ ਸਲਾਹਕਾਰ ਸ਼ਾਹਬਾਜ਼ ਗੁਲ, ਨੈਸ਼ਨਲ ਅਸੈਂਬਲੀ ਦੇ ਸਾਬਕਾ ਡਿਪਟੀ ਸਪੀਕਰ ਕਾਸਿਮ ਸੂਰੀ ਅਤੇ ਲੰਡਨ ਵਿੱਚ ਇਮਰਾਨ ਦੇ ਕਰੀਬੀ ਅਨਿਲ ਮੁਸਰਤ ਅਤੇ ਸਾਹਿਬਜ਼ਾਦਾ ਜਹਾਂਗੀਰ ਨੂੰ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਹੈ।ਅਧਿਕਾਰੀਆਂ ਮੁਤਾਬਕ ਲਾਹੌਰ ਤੋਂ ਕਰੀਬ 180 ਕਿਲੋਮੀਟਰ ਦੂਰ ਫੈਸਲਾਬਾਦ ਦੇ ਇੱਕ ਪੁਲਸ ਥਾਣੇ ਵਿੱਚ ਸਥਾਨਕ ਨਿਵਾਸੀ ਨਈਮ ਭਾਟੀ ਦੀ ਸ਼ਿਕਾਇਤ ਉੱਤੇਸ਼ਿਕਾਇਤ ਦਰਜ ਕੀਤੀ ਗਈ। ਉਨ੍ਹਾਂ ਕਿਹਾ ਕਿ ਇਹ ਸ਼ਿਕਾਇਤਮਦੀਨਾ ਵਿੱਚ ਪੈਗੰਬਰ ਮਸਜਿਦ ਦੀ ਬੇਅਦਬੀ ਕਰਨ, ਉਥੇ ਹੰਗਾਮਾ ਕਰਨ ਅਤੇ ਮੁਸਲਮਾਨਾਂ ਦੀਆਂ ਭਾਵਨਾਵਾਂ ਨੂੰ ਠੇਸ ਪੁਚਾਉਣ ਦੇ ਦੋਸ਼ ਵਿੱਚ ਦਰਜ ਕੀਤੀ ਗਈ ਹੈ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਇਸ ਦੌਰਾਨ ਇਮਰਾਨ ਖਾਨ ਨੇ ਕੱਲ੍ਹ ਇੱਕ ਟੀ ਵੀ ਚੈਨਲ ਨੂੰ ਦਿੱਤੇ ਇੰਟਰਵਿਊ ਵਿੱਚ ਸ਼ਾਹਬਾਜ਼ ਸ਼ਰੀਫ਼ ਵਿਰੁੱਧ ਨਾਅਰੇਬਾਜ਼ੀ ਕਰਨ ਵਾਲੇ ਸ਼ਰਧਾਲੂਆਂ ਤੋਂ ਪੱਲਾ ਝਾੜ ਲਿਆ ਅਤੇ ਕਿਹਾ ਕਿ ਉਹ ਪਵਿੱਤਰ ਸਥਾਨ ਉੱਤੇ ਕਿਸੇ ਖ਼ਿਲਾਫ ਨਾਅਰੇ ਲਾਉਣ ਲਈ ਕਹਿਣ ਬਾਰੇ ਸੋਚ ਵੀ ਨਹੀਂ ਸਕਦੇ।

## ਬੱਚਿਆਂ ਦੀ ਮੁੱਢਲੀ ਸਿੱਖਿਆ ਮਾਤ ਭਾਸ਼ਾ ਵਿੱਚ ਦੇਣੀ ਚਾਹੀਦੀ ਹੈ: ਉਪ-ਰਾਸ਼ਟਰਪਤੀ

ਨਵੀਂ ਦਿੱਲੀ, 2 ਮਈ (ਪੋਸਟ ਬਿਊਰੋ)- ਉਪ ਰਾਸ਼ਟਰਪਤੀ ਐਮ ਵੈਂਕਈਆ ਨਾਇਡੂ ਨੇ ਮਾਤ ਭਾਸ਼ਾ ਵਿੱਚ ਸਿੱਖਿਆ ਦੇ ਮਹੱਤਵ ਉੱਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਬੱਚਿਆਂ ਦੀ ਮੁੱਢਲੀ ਸਿੱਖਿਆ ਮਾਤ ਭਾਸ਼ਾ ਵਿੱਚ ਹੋਣੀ ਚਾਹੀਦੀ ਹੈ। ਦਿੱਲੀ ਯੂਨੀਵਰਸਿਟੀ ਦੇ ਸ਼ਤਾਬਦੀ ਸਮਾਰੋਹ ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਵੈਂਕਈਆ ਨਾਇਡੂ ਨੇ ਕਿਹਾ ਕਿ ਭਾਰਤੀ ਸਿੱਖਿਆ ਪ੍ਰਣਾਲੀ ਨੂੰ 'ਸਾਡੇ ਸਭਿਆਚਾਰ' ਉੱਤੇ ਧਿਆਨ ਦੇਣਾ ਚਾਹੀਦਾ ਹੈ। ਉਪ ਰਾਸ਼ਟਰਪਤੀ ਨੇ ਕਿਹਾ,''ਜੇ ਬੱਚਿਆਂ ਨੂੰ ਮੁੱਢਲੀ ਸਿੱਖਿਆ ਉਨ੍ਹਾਂ ਦੀ ਮਾਤ ਭਾਸ਼ਾ ਵਿੱਚ ਦਿੱਤੀ ਜਾਵੇ ਤਾਂ ਇਸ ਨੂੰ ਸੌਖਾ ਸਮਝਣਗੇ। ਜੇ ਕਿਸੇ ਹੋਰ ਭਾਸ਼ਾ ਵਿੱਚ ਦਿੱਤੀ ਜਾਵੇ ਤਾਂ ਉਨ੍ਹਾਂ ਨੂੰ ਪਹਿਲਾਂ ਭਾਸ਼ਾ ਸਿੱਖਣੀ ਪਵੇਗੀ ਅਤੇ ਫਿਰ ਉਹ ਸਮਝਣਗੇ।''

## ਖਾਲਿਸਤਾਨ ਦੇ ਸਮੱਰਥਨ ਵਿੱਚ ਟਵੀਟ ਕਰਨ ਉੱਤੇ ਆਪ ਪਾਰਟੀ ਦਾ ਨੇਤਾ ਬਰਖਾਸਤ

ਸ਼ਿਮਲਾ, 2 ਮਈ (ਪੋਸਟ ਬਿਊਰੋ)- ਆਮ ਆਦਮੀ ਪਾਰਟੀ (ਆਪ) ਦੇ ਨੇਤਾ ਦੇ ਵੱਖਰਾ ਖਾਲਿਸਤਾਨ ਦੀ ਮੰਗ ਕਰਨ ਦਾ ਸੰਵਿਧਾਨਕ ਅਧਿਕਾਰ ਦੱਸਣ ਨਾਲ ਸਬੰਧਤ ਟਵੀਟ ਇੰਟਰਨੈਟ ਮੀਡੀਆ ਉੱਤੇ ਵਾਇਰਲ ਹੋਣ ਪਿੱਛੋਂ ਰਾਜਨੀਤੀ ਗਰਮਾ ਗਈ ਹੈ। ਭਾਜਪਾ ਨੇ ਕਿਹਾ ਕਿ ਆਮ ਆਦਮੀ ਪਾਰਟੀਦਾ ਰਾਸ਼ਟਰ ਵਿਰੋਧੀ ਚਿਹਰਾ ਜ਼ਾਹਰ ਹੋ ਗਿਆ ਹੈ।




ਕੱਲ੍ਹ ਇੰਟਰਨੈਟ ਮੀਡੀਆ ਉੱਤੇਹਰਪ੍ਰੀਤ ਸਿੰਘ ਬੇਦੀ ਵੱਲੋਂ ਖਾਲਿਸਤਾਨ ਸਮਰਥਨ ਵਿੱਚ ਕੀਤੇ ਗਏ ਟਵੀਟ ਵਾਇਰਲ ਹੋਏ ਸਨ। ਉਨ੍ਹਾਂ ਲਿਖਿਆ ਸੀ ਕਿ ਵੱਖਰੇ ਖਾਲਿਸਤਾਨ ਦੀ ਮੰਗ ਕਰਨਾ ਸਾਡਾ ਸੰਵਿਧਾਨਕ ਅਧਿਕਾਰ ਹੈ। ਉਨ੍ਹਾਂ ਨੇ ਟਵੀਟ ਵਿੱਚ ਖੁਦ ਨੂੰ ਆਮ ਆਦਮੀ ਪਾਰਟੀ ਦਾ ਸੋਸ਼ਲ ਮੀਡੀਆ ਵਿੰਗ ਦਾ ਹਿਮਾਚਲ ਪ੍ਰਦੇਸ਼ ਦਾ ਪ੍ਰਧਾਨ ਦੱਸਿਆ ਸੀ। ਹੰਗਾਮਾ ਮੱਚਣ ਪਿੱਛੋਂ ਇਹ ਟਵੀਟ ਹਟਾ ਦਿੱਤੇ ਗਏ। ਮੂਲ ਰੂਪ ਵਿੱਚ ਪੰਜਾਬ ਦੇ ਪਟਿਆਲਾ ਸ਼ਹਿਰ ਦੇ ਵਾਸੀ ਹਰਪ੍ਰੀਤ ਸਿੰਘ ਜੋਗਿੰਦਰ ਨਗਰ ਸਬ ਡਵੀਜ਼ਨ ਦੇ ਮਚਾਹਨੂ ਵਿੱਚ ਰੈਡੀਮੇਡ ਕੱਪੜਿਆਂ ਦਾ ਕਾਰੋਬਾਰ ਕਰਦੇ ਹਨ ਅਤੇ ਜ਼ਿਆਦਾ ਸਮਾਂ ਬਾਹਰ ਰਹਿੰਦੇ ਹਨ। ਹਰਪ੍ਰੀਤ ਨੇ ਕਿਹਾ ਕਿ ਉਨ੍ਹਾਂ ਦੇ ਅਕਾਊਂਟ ਨਾਲ ਛੇੜਛਾੜ ਹੋਈ ਜਾਂ ਐਡਿਟ ਕੀਤੇ ਗਏ ਹਨ। ਜੋ ਟਵੀਟ ਉਨ੍ਹਾਂ ਨੇ ਕੀਤੇ ਹੀ ਨਹੀਂ, ਉਨ੍ਹਾਂ ਨੂੰ ਅਪਲੋਡਕਰਕੇ ਬਦਨਾਮ ਕੀਤਾ ਜਾ ਰਿਹਾ ਹੈ। ਉਹ ਪਹਿਲਾਂ ਭਾਜਪਾ ਨਾਲ ਜੁੜੇ ਸਨ, ਡੇਢ ਸਾਲ ਪਹਿਲਾਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ।

ਆਮ ਆਦਮੀ ਪਾਰਟੀ ਨੇ ਕਿਹਾ ਹੈ ਕਿ ਬੇਦੀ ਦੇ ਟਵੀਟ ਨਾਲ ਉਸ ਦਾ ਕੋਈ ਲੈਣਾ-ਦੇਣਾ ਨਹੀਂ ਤੇ ਦੇਸ਼ ਖ਼ਿਲਾਫ਼ ਵਿਚਾਰਾਂ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ।

## ਯੂ ਪੀ ਵਿੱਚ ਧਾਰਮਿਕ ਸਥਾਨਾਂ ਤੋਂ 53,942 ਅਣ-ਅਧਿਕਾਰਤ ਲਾਊਡ ਸਪੀਕਰ ਹਟਾਏ ਗਏ

ਲਖਨਊ, 2 ਮਈ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਸਰਕਾਰ ਦੇ ਹੁਕਮਾਂ ਉੱਤੇਇਸ ਸੂਬੇ ਵਿਚਲੇ ਧਾਰਮਿਕ ਸਥਾਨਾਂ ਤੋਂ ਅਣ-ਅਧਿਕਾਰਤ ਲਾਊਡ ਸਪੀਕਰ ਹਟਾਉਣ ਅਤੇ ਹੋਰਾਂ ਦੀ ਆਵਾਜ਼ ਨੂੰ ਮਨਜ਼ੂਰਸ਼ੁਦਾ ਹੱਦਾਂ ਅੰਦਰ ਸੈਟ ਕਰਨ ਲਈ ਜੋ ਮੁਹਿੰਮ 25 ਅਪ੍ਰੈਲ ਨੂੰ ਸ਼ੁਰੂ ਹੋਈ ਸੀ, ਇਸੇ ਤਹਿਤ ਕੱਲ੍ਹ ਸਵੇਰੇ ਤਕ 53,942 ਲਾਊਡ ਸਪੀਕਰ ਹਟਾਏ ਗਏ ਅਤੇ 60,295 ਲਾਊਡ ਸਪੀਕਰਾਂ ਦੀ ਆਵਾਜ਼ ਮਨਜ਼ੂਰਸ਼ੁਦਾ ਹੱਦਾਂ ਦੇ ਅੰਦਰ ਤੈਅ ਕੀਤੀ ਗਈ ਹੈ।



ਗ੍ਰਹਿ ਵਿਭਾਗ ਦੇ ਇੱਕ ਸੀਨੀਅਰ ਅਧਿਕਾਰੀ ਨੇ ਪੁਸ਼ਟੀ ਕੀਤੀ ਹੈ ਕਿ ਇਹ ਮੁਹਿੰਮ ਅੱਗੇ ਦਿਨਾਂ ਵਿੱਚ ਵੀ ਜਾਰੀ ਰਹੇਗੀ। ਉਨ੍ਹਾਂ ਦੱਸਿਆ ਕਿ ਬਿਨਾਂ ਵਿਤਕਰੇ ਤੋਂ ਸਾਰੇ ਧਾਰਮਿਕ ਸਥਾਨਾਂ ਤੋਂ ਲਾਊਡ ਸਪੀਕਰ ਹਟਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਧਾਰਮਿਕ ਸਥਾਨਾਂ ਤੋਂ ਉਹੀ ਲਾਊਡ ਸਪੀਕਰ ਲਾਹੇ ਗਏ, ਜੋ ਜ਼ਿਲ੍ਹਾ ਪ੍ਰਸ਼ਾਸਨ ਦੀ ਮਨਜ਼ੂਰੀ ਤੋਂ ਬਿਨਾਂ ਲਾਏ ਸਨ। ਲਾਊਡ ਸਪੀਕਰਾਂ ਬਾਰੇ ਵਿਵਾਦ ਮਗਰੋਂ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਕਿਹਾ ਸੀ ਕਿ ਧਾਰਮਿਕ ਸਥਾਨ ਉੱਤੇ ਸਪੀਕਰ ਦੀ ਵਰਤੋਂ ਹੋ ਸਕਦੀ ਹੈ, ਪਰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਆਵਾਜ਼ ਬਾਹਰ ਨਾ ਜਾਵੇ।

## ਗੁਪਤਾ ਭਰਾਵਾਂ ਨੇ ਸਾਬਕਾ ਰਾਸ਼ਟਰਪਤੀ ਜ਼ੁਮਾ ਦੀ ਵਰਤੋਂ ਦੇਸ਼ਵਾਸੀਆਂ ਦੇ ਵਿਰੁੱਧ ਕੀਤੀ: ਰਿਪੋਰਟ

ਜੋਹਨਸਬਰਗ, 2 ਮਈ (ਪੋਸਟ ਬਿਊਰੋ)- ਦੱਖਣੀ ਅਫਰੀਕਾਦੇ ਇੱਕ ਜਾਂਚ ਕਮਿਸ਼ਨ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਗੁਪਤਾ ਭਰਾਵਾਂ ਨੇ ਸਾਬਕਾ ਰਾਸ਼ਟਰਪਤੀ ਜੈਕਬ ਜ਼ੁਮਾ ਦੀ ਵਰਤੋਂ ਨਾ ਸਿਰਫ ਦੇਸ਼ ਦੇ ਲੋਕਾਂ ਵਿਰੁੱਧ ਕੀਤੀ, ਸਗੋਂ ਪ੍ਰਮੁੱਖ ਸੰਸਥਾਵਾਂ ਵਿੱਚ ਆਪਣੇ ਭਰੋਸੇਯੋਗ ਲੋਕਾਂ ਦੀ ਨਿਯੁਕਤੀ ਵੀ ਕੀਤੀ।



ਰਿਪੋਰਟ ਅਨੁਸਾਰ ਜ਼ੁਮਾ ਸੱਤਾ ਉੱਤੇ ਕਬਜ਼ਾ ਕਰਨ ਦੀ ਗੁਪਤਾ ਭਰਾਵਾਂ ਦੀ ਯੋਜਨਾ ਦੇ ਕੇਂਦਰ ਵਿੱਚ ਸਨ, ਜਿਨ੍ਹਾਂ ਨੂੰ ਬਹੁਤ ਪਹਿਲਾਂ ਅਜਿਹੇ ਵਿਅਕਤੀ ਵਜੋਂ ਪਛਾਣ ਲਿਆ ਗਿਆ ਸੀ, ਜਿਸ ਦਾ ਚਰਿੱਤਰ ਅਜਿਹਾ ਸੀ ਕਿ ਉਸ ਨੂੰ ਦੱਖਣੀ ਅਫਰੀਕਾ ਦੇ ਲੋਕਾਂ ਵਿਰੁੱਧ ਵਰਤਿਆ ਜਾ ਸਕੇ। ਗੁਪਤਾ ਭਰਾਵਾਂ ਨੇ ਸਮਝ ਲਿਆ ਸੀ ਕਿ ਜ਼ੁਮਾ ਨੂੰ ਕਾਰੋਬਾਰੀ ਹਿੱਤਾਂ ਦੀ ਪੂਰਤੀ ਲਈ ਵਰਤਿਆ ਜਾ ਸਕਦਾ ਸੀ।ਕਮਿਸ਼ਨ ਦੇ ਮੁਖੀ ਚੀਫ ਜਸਟਿਸ ਰੇਮੰਡ ਜ਼ੋਂਡੋ ਨੇ ਕੱਲ੍ਹ ਰਿਪੋਰਟ ਦਾ ਚੌਥਾ ਭਾਗ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਨੂੰ ਸੌਂਪਿਆ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਜੈਕਬ ਜ਼ੁਮਾ ਨੇ ਗੁਪਤ ਭਰਾਵਾਂ ਲਈ ਸਰਕਾਰੀ ਮਾਲਕੀ ਵਾਲੇ ਉਦਮਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ ਸਨ ਅਤੇ ਦੱਖਣੀ ਅਫਰੀਕਾ ਦੇ ਲੋਕਾਂ ਦੀ ਜਾਇਦਾਦ ਅਤੇ ਪੈਸੇ ਤਕ ਪਹੁੰਚ ਬਣਾਉਣ ਵਿੱਚ ਉਨ੍ਹਾਂ ਦੀ ਮਦਦ ਕੀਤੀ। ਗੁਪਤਾ ਭਰਾ ਪਹਿਲੀ ਵਾਰ 90 ਦੇ ਦਹਾਕੇ ਦੇ ਸ਼ੁਰੂ ਵਿੱਚ ਦੱਖਣੀ ਅਫਰੀਕਾ ਪੁੱਜੇ ਸਨ, ਜਦੋਂ ਨੈਲਸਨ ਮੰਡੇਲਾ ਦੀ ਅਗਵਾਈ ਵਿੱਚ ਆਜ਼ਾਦੀ ਮਿਲੀ ਸੀ। ਉਨ੍ਹਾਂ ਨੇ ਜੁੱਤੀਆਂ ਦੀ ਦੁਕਾਨ ਨਾਲ ਸ਼ੁਰੂ ਕੀਤਾ ਅਤੇ ਤੇਜ਼ੀ ਨਾਲ ਸਾਮਰਾਜ ਬਣਾ ਲਿਆ, ਜਿਸ ਵਿੱਚ ਆਈ ਟੀ, ਮਾਈਨਿੰਗ ਤੇ ਮੀਡੀਆ ਸ਼ਾਮਲ ਸਨ।

## ਪੌਸ਼ ਇਲਾਕੇ ਵਿੱਚ ਨਾਮੀ ਬਿਲਡਰ ਦੀ ਹੱਤਿਆ, 30 ਲੱਖ ਲੁੱਟੇ



ਨਵੀਂ ਦਿੱਲੀ, 2 ਮਈ (ਪੋਸਟ ਬਿਊਰੋ)- ਰਾਜਧਾਨੀ ਦਿੱਲੀ ਦੇ ਪਾਸ਼ ਇਲਾਕੇ ਸਿਵਲ ਲਾਈਨ ਦੀ ਇੱਕ ਆਲੀਸ਼ਾਨ ਕੋਠੀ ਵਿੱਚ ਹਥਿਆਰਬੰਦ ਬਦਮਾਸ਼ਾਂ ਨੇ ਘਰ ਵਿੱਚ ਸੁੱਤੇ ਹੋਏ ਮਸ਼ਹੂਰ ਬਿਲਡਰ ਰਾਮ ਕਿਸ਼ੋਰ ਅਗਰਵਾਲ (77) ਦੀ ਗਲਾ ਕੱਟ ਕੇ ਹੱਤਿਆ ਕਰ ਦਿੱਤੀ ਅਤੇ 30 ਲੱਖ ਰੁਪਏ ਲੁੱਟ ਕੇ ਲੈ ਗਏ। ਵਾਰਦਾਤ ਵਾਲੀ ਥਾਂ ਤੋਂ ਕੁਝ ਦੂਰਮੁੱਖ ਮੰਤਰੀਅਤੇ ਲੈਫਟੀਨੈਂਟ ਗਵਰਨਰ ਦੀ ਰਿਹਾਇਸ਼ ਅਤੇ ਜ਼ਿਲ੍ਹੇ ਦੇ ਪੁਲਸ ਅਧਿਕਾਰੀ ਦਾ ਦਫ਼ਤਰ ਹੈ।

ਦੱਸਿਆ ਜਾਂਦਾ ਹੈ ਕਿ ਘਟਨਾ ਦੇ ਬਾਅਦ ਘਰੋਂ ਭੱਜਦੇ ਦੇ ਬਦਮਾਸ਼ਾਂ ਨੂੰ ਆਰ ਡਬਲਯੂ ਏ ਗਾਰਡ ਨੇ ਰੋਕ ਲਿਆ ਪਰ ਬਦਮਾਸ਼ਾਂ ਨੇ ਉਨ੍ਹਾਂ ਨੂੰ ਵੀ ਪਿਸਤੌਲ ਦਿਖਾ ਕੇ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਤੇ ਫਰਾਰ ਹੋ ਗਏ। ਵਰਨਣ ਯੋਗ ਹੈ ਕਿ 24 ਘੰਟੇ ਪਹਿਲਾਂ ਦੱਖਣੀ ਦਿੱਲੀ ਵਿੱਚ ਥਾਣਾ ਡਿਫੈਂਸ ਕਾਲੋਨੀ ਹੇਠਲੇ ਆਨੰਦ ਲੋਕ ਇਲਾਕੇ ਦੀ ਇੱਕ ਕੋਠੀ ਤੋਂ ਕੱਲ੍ਹ ਸਵੇਰੇ ਚਾਰ ਅਣਜਾਣ ਲੋਕਾਂ ਨੇ ਕਰੀਬ ਚਾਰ ਕਰੋੜ ਰੁਪਏ ਦੀ ਕੀਮਤ ਦੇ ਗਹਿਣੇ ਲੁੱਟੇ ਸਨ।ਲੁੱਟਣ ਤੋਂ ਬਾਅਦ ਬਦਮਾਸ਼ ਕਮਰੇ ਵਿੱਚ ਮੌਜੂਦ 68 ਸਾਲ ਮਹਿਲਾ ਦੇ ਪੈਰ ਬੰਨ੍ਹ ਕੇ ਫਰਾਰ ਹੋ ਗਏ ਸੀ।


ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:

01191-9779100149




ਕੀ ਤੁਸੀਂ ਕਰਜ਼ੇ ਵਿੱਚ ਹੋ?



ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ
ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਹੁੰਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION

# ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕੀਤੀਆਂ ਅਹਿਮ ਪ੍ਰਬੰਧਕੀ ਤਬਦੀਲੀਆਂ

***ਡਾ. ਪਰਮਜੀਤ ਸਿੰਘ ਸਰੋਆ, ਸ. ਪ੍ਰਤਾਪ ਸਿੰਘ ਤੇ ਸ. ਬਲਵਿੰਦਰ ਸਿੰਘ ਕਾਹਲਵਾਂ ਨੂੰ ਮਿਲੇ ਪ੍ਰਬੰਧਾਂ ਦੇ ਅਜ਼ਾਦਾਨਾ ਅਧਿਕਾਰ**



ਅੰਮ੍ਰਿਤਸਰ, 02 ਮਈ (ਗਿਆਨ ਸਿੰਘ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਅੱਜ ਸ਼੍ਰੋਮਣੀ ਕਮੇਟੀ ਨਾਲ ਸਬੰਧਤ ਅਹਿਮ ਪ੍ਰਬੰਧਕੀ ਤਬਦੀਲੀਆਂ ਕੀਤੀਆਂ ਗਈਆਂ ਹਨ। ਇਨ੍ਹਾਂ ਤਬਦੀਲੀਆਂ ਵਿਚ ਵਧੀਕ ਸਕੱਤਰ ਡਾ. ਪਰਮਜੀਤ ਸਿੰਘ ਸਰੋਆ ਨੂੰ ਸ਼੍ਰੋਮਣੀ ਕਮੇਟੀ ਦੇ ਅਮਲਾ ਵਿਭਾਗ, ਆਰਡਰ ਬੁੱਕ ਅਤੇ ਸੈਕਸ਼ਨ 87 ਆਦਿ ਦਾ ਕੰਮ ਅਜ਼ਾਦਾਨਾ ਤੌਰ ’ਤੇ ਦਿੱਤਾ ਗਿਆ ਹੈ। ਇਸੇ ਤਰ੍ਹਾਂ ਵਧੀਕ ਸਕੱਤਰ ਸ. ਪ੍ਰਤਾਪ ਸਿੰਘ ਆਪਣੇ ਪਹਿਲੇ ਕੰਮ ਦੇ ਨਾਲ-ਨਾਲ ਇਮਾਰਤੀ ਵਿਭਾਗ, ਏਜੰਡਾ ਬੁੱਕ, ਕਾਰਵਾਈ ਦਾ ਕੰਮ ਅਜ਼ਾਦਾਨਾ ਤੌਰ ’ਤੇ ਦੇਖਣਗੇ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੂੰ ਧਰਮ ਪ੍ਰਚਾਰ ਕਮੇਟੀ ਦਾ ਸਮੁੱਚਾ ਕਾਰਜ ਸੌਂਪਿਆ ਗਿਆ ਹੈ। ਇਸੇ ਦੌਰਾਨ ਡਾ. ਪਰਮਜੀਤ ਸਿੰਘ ਸਰੋਆ ਨੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਦੀ ਹਾਜ਼ਰੀ ਵਿਚ ਆਪਣੀ ਨਵੀਂ ਜ਼ੁੰਮੇਵਾਰੀ ਸੰਭਾਲ ਲਈ ਹੈ। ਉਨ੍ਹਾਂ ਦੇ ਕਾਰਜਭਾਰ ਸੰਭਾਲਣ ਮੌਕੇ ਵਧੀਕ ਸਕੱਤਰ ਸ. ਪ੍ਰਤਾਪ ਸਿੰਘ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਹਰਜੀਤ ਸਿੰਘ ਲਾਲੂਘੁੰਮਣ, ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਹਰਜਿੰਦਰ ਸਿੰਘ ਕੈਰੋਂਵਾਲ, ਸੁਪ੍ਰਿੰਟੈਂਡੈਂਟ ਸ. ਮਲਕੀਤ ਸਿੰਘ ਬਹਿੜਵਾਲ, ਸ. ਪਲਵਿੰਦਰ ਸਿੰਘ ਚਿੱਟਾ, ਵੱਖ-ਵੱਖ ਵਿਭਾਗਾਂ ਦੇ ਇੰਚਾਰਜ ਆਦਿ ਮੌਜੂਦ ਸਨ।

# ਯੂ ਪੀ ਦੀ ਪ੍ਰਧਾਨਗੀ ਲਈ ਕਾਂਗਰਸ ਨੂੰ ਦਲਿਤ ਜਾਂ ਬ੍ਰਾਹਮਣ ਦੀ ਭਾਲ

ਨਵੀਂ ਦਿੱਲੀ, 2 ਮਈ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਚੋਣਾਂ ਵਿੱਚ ਪਾਰਟੀ ਦੀ ਕਰਾਰੀ ਹਾਰ ਮਗਰੋਂ ਕਾਂਗਰਸ ਸੂਬਾ ਪ੍ਰਧਾਨ ਦੇ ਅਹੁਦੇ ਲਈ ਦਲਿਤ ਜਾਂ ਬਾਹਮਣ ਚਿਹਰੇ ਸਮੇਤ ਕਈ ਹੋਰ ਨਾਵਾਂ ਉੱਤੇ ਵਿਚਾਰ ਕਰ ਰਹੀ ਹੈ। ਓਥੇ ਹੋਈਆਂ ਵਿਧਾਨ ਸਭਾ ਚੋਣਾਂ ਮੌਕੇ ਪਾਰਟੀ ਦੇ 403 ਉਮੀਦਵਾਰਾਂ ਵਿੱਚੋਂ ਸਿਰਫ ਦੋ ਜਿੱਤੇ ਹਨ। ਪਾਰਟੀ ਸੂਤਰਾਂ ਮੁਤਾਬਕ ਕਾਂਗਰਸ ਦਲਿਤ ਤੇ ਬ੍ਰਾਹਮਣ ਭਾਈਚਾਰਿਆਂ ਦੇ ਚਿਹਰਿਆਂ ਦੀ ਭਾਲ ਕਰ ਰਹੀ ਹੈ। ਪਾਰਟੀ ਕੋਲ ਸੀਮਿਤ ਬਦਲ ਹਨ, ਕਿਉਂਕਿ ਕਾਂਗਰਸ ਦਾ ਪ੍ਰਮੁੱਖ ਦਲਿਤ ਚਿਹਰਾ ਪੀ ਐਲ ਪੂਨੀਆ ਛੱਤੀਸਗੜ੍ਹ ਲਈ ਪਾਰਟੀ ਇੰਚਾਰਜ ਹੈ ਅਤੇ ਬ੍ਰਾਹਮਣ ਚਿਹਰਾ ਪ੍ਰਮੋਦ ਤਿਵਾੜੀ ਹੈ, ਪਰ ਉਸ ਦੀ ਧੀ ਆਰਾਧਨਾ ਮਿਸ਼ਰਾ ਵਿਧਾਇਕ ਦਲ ਦੀ ਨੇਤਾ ਹੈ।

ਜਾਣਕਾਰ ਸੂਤਰਾਂ ਅਨੁਸਾਰ ਪਾਰਟੀ ਕਾਰਜਕਾਰੀ ਪ੍ਰਧਾਨਾਂ ਦੀ ਨਿਯੁਕਤੀ ਕਰੇਗੀ, ਜਿਸ ਵਿੱਚ ਇੱਕ ਚਿਹਰਾ ਘੱਟ ਗਿਣਤੀ ਭਾਈਚਾਰੇ ਤੋਂ ਹੋਵੇਗਾ। ਪਿੱਛੇ ਜਿਹੇ ਆਜ਼ਮ ਖਾਨ ਅਤੇ ਪ੍ਰਮੋਦ ਕ੍ਰਿਸ਼ਨਮ ਵਿਚਾਲੇ ਹੋਈ ਮੁਲਾਕਾਤ ਨੇ ਸਿਆਸੀ ਪਿੜ ਵਿੱਚ ਕਿਆਫੇ ਛੇੜ ਦਿੱਤੇ ਹਨ। ਆਚਾਰੀਆ ਪ੍ਰਮੋਦ ਕ੍ਰਿਸ਼ਨਮ ਨੇ 25 ਅਪ੍ਰੈਲ ਨੂੰ ਸੀਤਾਪੁਰ ਜੇਲ੍ਹ ਵਿੱਚ ਸਮਾਜਵਾਦੀ ਪਾਰਟੀ ਦੇ ਆਗੂ ਮੁਹੰਮਦ ਆਜ਼ਮ ਖਾਨ ਨਾਲ ਮੁਲਾਕਾਤ ਕੀਤੀ।ਕ੍ਰਿਸ਼ਨਮ ਕਾਂਗਰਸ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਵਾਡਰਾ ਦੇ ਕਰੀਬੀ ਮੰਨੇ ਜਾਂਦੇ ਹਨ। ਜੇਲ੍ਹ ਵਿੱਚ ਬੰਦ ਆਗੂ ਨਾਲ ਮੁਲਾਕਾਤ ਕਰਨ ਵਾਲੇ ਸਮਾਜਵਾਦੀ ਪਾਰਟੀ ਤੋਂ ਬਾਹਰ ਦੇ ਉਹ ਪਹਿਲੇ ਆਗੂ ਹਨ। ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਸ਼ਰਮਨਾਕ ਹਾਰ ਪਿੱਛੋਂ ਉਤਰ ਪ੍ਰਦੇਸ਼ ਕਾਂਗਰਸ ਪ੍ਰਧਾਨ ਅਜੈ ਕੁਮਾਰ ਲੱਲੂ ਵੱਲੋਂ ਦਿੱਤੇ ਗਏ ਅਸਤੀਫੇ ਨੂੰ ਇੱਕ ਮਹੀਨੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ।

# ਭਾਰਤੀਆ ਪੋਸਟਲ ਕਰਮਚਾਰੀ ਫਡਰੇਸ਼ਨ ਵਲੋਂ ਕਰਵਾਇਆ ਗਿਆ ਗੁਰਮਤਿ ਸਮਾਗਮ



ਅੰਮ੍ਰਿਤਸਰ, 2 ਮਈ (ਗਿਆਨ ਸਿੰਘ)- “ਹਿੰਦ ਦੀ ਚਾਦਰ” ਨੌਵੇਂ ਗੁਰੂ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮੁੱਚੇ ਦੇਸ਼ ਭਰ ਵਿੱਚ ਭਾਰਤੀਆ ਪੋਸਟਲ ਕਰਮਚਾਰੀ ਫਡਰੇਸ਼ਨ ਵਲੋਂ ਗੁਰਮਤਿ ਸਮਾਗਮ ਕਰਵਾਏ ਗਏ। ਇਸ ਦੇ ਸਬੰਧ ਵਿੱਚ ਭਾਰਤੀਆ ਪੋਸਟਲ ਕਰਮਚਾਰੀ ਐਸੋਸੀਏਸ਼ਨ, ਅੰਮ੍ਰਿਤਸਰ ਡਵੀਜਨ ਵਲੋਂ ਵੀ ਗੁਰ-ਦੁਵਾਰਾ ਸਾਹਿਬ, ਨਵੀ ਸੜਕ, ਕਟੜਾ ਕਰਮ ਸਿੰਘ, ਪੋਸਟ ਆਫਿਸ ਵਿਖੇ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਸ਼੍ਰੀ ਵਿਜੈ ਕੁਮਾਰ (ਸਰਕਲ ਸਕੱਤਰ), ਭਾਰਤੀਆ ਪੋਸਟਲ ਕਰਮਚਾਰੀ ਐਸੋਸੀਏਸ਼ਨ, ਗਰੁੱਪ ‘ਸੀ’, ਪੰਜਾਬ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਅਤੇ ਉਹਨਾਂ ਨੇ ਆਪਣੇ ਸੰਬੋਧਨ ਵਿੱਚ ਗੁਰੂ ਸਾਹਿਬ ਦੀ ਜੀਵਨੀ ਤੇ ਚਾਣਨਾ ਪਾਇਆ ਅਤੇ ਗੁਰੂ ਸਾਹਿਬ ਦੇ ਉਪਦੇਸ਼ਾ ਤੇ ਚੱਲਣ ਲਈ ਪ੍ਰੇਰਤ ਕੀਤਾ।

ਸਮਾਗਮ ਵਿੱਚ ਸ਼੍ਰੀ ਮਨਜੀਤ ਸਿੰਘ ਵਾਈਸ ਪ੍ਰਧਾਨ, ਭਾਰਤੀਆ ਪੋਸਟਲ ਕਰਮਚਾਰੀ ਫਡਰੇਸ਼ਨ, ਸ਼੍ਰੀ ਭੁਪਿੰਦਰ ਸਿੰਘ, ਸ਼੍ਰੀ ਗੁਰਪ੍ਰੀਤ ਸਿੰਘ ਭਾਟੀਆ, ਸ਼੍ਰੀ ਰਾਜੇਸ਼ ਕੁਮਾਰ, ਸ਼੍ਰੀ ਸਰਬਜੀਤ ਸਿੰਘ, ਸ਼੍ਰੀ ਨਰੇਸ਼ ਕੁਮਾਰ (ਡਵੀਜਨ ਸਕੱਤਰ), ਸ਼੍ਰੀ ਗੁਰਮੀਤ ਸਿੰਘ (ਸਰਕਲ ਸਕੱਤਰ), ਸ਼੍ਰੀ ਰਾਮ ਸਿੰਘ (ਡਵੀਜਨ ਸਕੱਤਰ), ਸ਼੍ਰੀ ਜਗਪ੍ਰੀਤ ਸਿੰਘ, ਸ਼੍ਰੀ ਰਾਕੇਸ਼ ਕੁਮਾਰ, ਸ਼੍ਰੀ ਪਵਨ ਕੁਮਾਰ ਆਦਿ ਸਮੇਤ ਐਸੋਸੀਏਸ਼ਨ ਦੇ ਬਹੁਤ ਸਾਰੇ ਮੈਂਬਰਾਂ ਨੇ ਹਿੱਸਾ ਲਿਆ।

ਇਸ ਸਮਾਗਮ ਵਿੱਚ ਬਾਬਾ ਸੂਰਤਾ ਸਿੰਘ ਜੀ, ਸ਼੍ਰੀ ਬਲਵਿੰਦਰ ਸਿੰਘ ਭਿੰਡਰ, ਸ਼੍ਰੀ ਕੰਵਲਜੀਤ ਸਿੰਘ ਸੇਠੀ ਅਤੇ ਹੋਰ ਵੀ ਇਲਾਕਾ ਨਿਵਾਸੀਆਂ ਹਾਜਰ ਸਨ। ਇਸ ਮੌਕੇ ਗੁਰੂ ਘਰ ਦਾ ਲੰਗਰ ਵੀ ਅਤੁੱਟ ਵਰਤਾਇਆ ਗਿਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ਼੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5’’8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11’’ ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9’’, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9’’ ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013







## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। ‘PR’ ਲਈ ਮੱਦਦ ਕੀਤੀ ਜਾਵੇਗੀ। Location ‘Winnipeg, MB’ ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜ਼ਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ
Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com
Follow Us:
CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com
RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades
BRANTFORD, ONTARIO
Call Jag Aujla For Details

JUST LISTED FOR SALE
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New
* Spent over $200k on upgrades
BRAMPTON, ONTARIO
Call Jag Aujla For Details

SOLD $215,000 OVER ASKING IN 2 DAYS
42 Lawnview Crt
Sandalwood /Hwy 10 / Braidwood

SOLD $101,000 OVER ASKING IN 2 DAYS
11 Germain Circ
Miss.Rd/ William Pkwy/ Bovaird

SOLD $165,000 OVER ASKING IN 2 DAYS
5 Mitchell Ave
Sandalwood/ Conestoga/ Dalzell

SOLD @101% OF ASKING PRICE
12 Laurelcrest St
Queen / Laurelcrest / Hwy 410

SOLD $260,000 OVER ASKING IN 4 DAYS
10 Lady Stewart Blvd
Howden / William Pkwy/ Hwy 410

SOLD @99% OF ASKING PRICE
11 Van Hoof Crest
Castlemore/ Goreway / Latania

SOLD $121,000 OVER ASKING IN 6 DAYS Caledon
42 Pinedale Ave
Kennedy / Dougall

SOLD $73,000 OVER ASKING IN 6 DAYS Shelbourne
416 Olde Village Lane
Hwy 89 / Greenwood

SOLD $355,000 OVER ASKING IN 4 DAYS
37 Esker Dr
Heart Lake Rd/Sandalwood Pkwy

FREE
✓ Full MLS Services
✓ Consistently Marketing Your Property Until SOLD
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022

Tri-City Professional Realty Inc., Brokerage.
The Future of Real Estate
www.TriCityPro.com
Number 1. Tri-City agent in Canada on basis of sales volume 2021
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
NEED MORE LISTINGS
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Tel: 905.793.5777
Avtar Singh Tiwana
Sales Representative
416.802.5866
31 Melanie Dr. Unit #4 Brampton, ON L6T 5H8

SOLD $1,399,999
CASTLEMORE/GOREWAY

SOLD $1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

SOLD $1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਾਉਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਉਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!
DUNDAS-JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੋਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017